



ਰੋਜ਼ਾਨਾ

# ਲੋਕ ਬਾਣੀ

ਸੱਚ ਤੇ ਨਿਡਰ ਆਵਾਜ਼

Email : lokbani08@gmail.com | ਬੁੱਧਵਾਰ, 26 ਜੁਲਾਈ 2023 | ਮੁੱਖ ਸੰਪਾਦਕ - ਅਮਨ ਮਹਿਰਾ | (ਜਲੰਧਰ)






R.N.I. Punpun/29016/2008 ✲ ਸਾਲ : 15 ✲ ਅੰਕ : 139 ✲ ਮੁੱਲ : 5.00 ਰੁਪਏ ✲ ਕੁੱਲ ਪੇਜ : 10 ✲ ਫੈਕਸ : 0181-2211009 ✲ M. 99155-94111



JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

82880 21797
82880 21798

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ

JSDC GROUP - INDIA


## ਯੂਕਰੇਨ ਨੇ ਮਾਸਕੋ ਤੇ ਕਰੀਮੀਆਂ ਤੇ ਕੀਤੇ ਡਰੋਨ ਨਾਲ ਹਮਲੇ

**• ਕੀਵ**

ਰੂਸ ਨੇ ਯੂਕਰੇਨ 'ਤੇ ਅੱਜ ਸਵੇਰੇ ਡਰੋਨ ਹਮਲਾ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਹਮਲੇ ਕਰਨ ਵਾਲਾ ਇਕ ਡਰੋਨ ਰੱਖਿਆ ਮੰਤਰਾਲੇ ਦੇ ਮੁੱਖ ਹੈੱਡਕੁਆਰਟਰ ਨੇੜੇ ਡਿੱਗਿਆ ਹੈ।



ਉਨ੍ਹਾਂ ਯੂਕਰੇਨ 'ਤੇ ਕਰੀਮੀਆ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਵੀ ਲਾਇਆ ਹੈ। ਇਸੇ ਦੌਰਾਨ ਰੂਸੀ ਫ਼ੌਜ ਨੇ ਦੱਖਣੀ ਯੂਕਰੇਨ ਵਿਚ ਬੰਦਰਗਾਹ ਉਤੇ ਮੁੜ ਹਮਲੇ ਕੀਤੇ ਹਨ। ਮਾਸਕੋ ਦੇ ਅਧਿਕਾਰੀਆਂ ਨੇ ਦੱਸਿਆ ਕਿ ਡਰੋਨ ਦੋ ਖਾਲੀ ਇਮਾਰਤਾਂ ਨਾਲ ਟਕਰਾਏ ਹਨ ਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰੱਖਿਆ ਮੰਤਰਾਲੇ ਨੇ ਦਾਅਵਾ ਕੀਤਾ ਕਿ ਫ਼ੌਜ ਨੇ ਦੋਵੇਂ ਹਮਲਾਵਰ ਡਰੋਨਾਂ ਨੂੰ ਜਾਮ ਕਰ ਦਿੱਤਾ ਸੀ, ਤੇ ਇਹ ਡਿੱਗ ਗਏ। ਰੂਸੀ ਮੀਡੀਆ ਮੁਤਾਬਕ ਰੱਖਿਆ ਮੰਤਰਾਲੇ ਦੇ ਮੁੱਖ ਦਫ਼ਤਰ ਉਤੇ ਹਵਾਈ ਰੱਖਿਆ ਪ੍ਰਣਾਲੀ ਲੱਗੀ ਹੋਈ ਹੈ। ਇਹ ਹੈੱਡਕੁਆਰਟਰ ਕਰੈਮਲਿਨ ਤੋਂ 2.7 ਕਿਲੋਮੀਟਰ ਦੂਰ ਹੈ। ਯੂਕਰੇਨ ਨੇ ਹਾਲੇ ਤੱਕ ਇਨ੍ਹਾਂ ਹਮਲਿਆਂ ਬਾਰੇ ਟਿੱਪਣੀ ਨਹੀਂ ਕੀਤੀ ਹੈ। ਇਸ ਤੋਂ ਪਹਿਲਾਂ 4 ਜੁਲਾਈ ਨੂੰ ਰੂਸੀ ਫੌਜ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਚਾਰ-ਪੰਜ ਡਰੋਨ ਮਾਸਕੋ ਦੇ ਬਾਹਰਵਾਰ ਡੇਗ ਦਿੱਤੇ ਹਨ। ਇਨ੍ਹਾਂ ਹਮਲਿਆਂ ਕਾਰਨ ਮਾਸਕੋ ਦੇ ਹਵਾਈ ਅੱਡੇ ਤੋਂ ਉਡਾਣਾਂ ਨੂੰ ਹੋਰ ਪਾਸੇ ਮੋੜਨਾ ਪਿਆ ਸੀ। ਰੂਸੀ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਯੂਕਰੇਨ ਦੇ ਇਕ ਹੋਰ ਡਰੋਨ ਹਮਲੇ 'ਚ ਕਰੀਮੀਆ 'ਚ ਅਸਲਾ ਡਿਪੂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਕਾਰਨ ਇਕ ਵੱਡੇ ਕੌਮੀ ਮਾਰਗ 'ਤੇ ਆਵਾਜਾਈ ਬੰਦ ਕਰਨੀ ਪਈ। ਇਸੇ ਦੌਰਾਨ ਯੂਕਰੇਨ ਦੇ ਇਕ ਮੰਤਰੀ ਮਿਖਾਇਲੋ ਫੈਡੋਰੋਵ ਨੇ ਕਿਹਾ ਕਿ ਮਾਸਕੋ 'ਤੇ ਡਰੋਨ ਹਮਲੇ ਦਿਖਾਉਂਦੇ ਹਨ ਕਿ ਰੂਸ ਦੀਆਂ ਹਵਾਈ ਰੱਖਿਆ ਪ੍ਰਣਾਲੀਆਂ 'ਅਜਿਹੇ ਹਮਲੇ ਰੋਕਣ ਦੇ ਸਮਰੱਥ ਨਹੀਂ ਹਨ, ਤੇ ਹੋਰ ਹਮਲੇ ਜਾਰੀ ਰਹਿਣਗੇ।' ਦੱਸਣਯੋਗ ਹੈ ਕਿ ਰੂਸ ਵੱਲੋਂ ਯੂਕਰੇਨ ਦੀ ਅਹਿਮ ਓਡੇਸਾ ਬੰਦਰਗਾਹ ਉਤੇ ਵੀ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ।

## ਪੁਲਿਸ ਮੁਲਾਜ਼ਮਾਂ ਦੀ ਭਰਤੀ ਹੋਵੇਗੀ ਠੇਕੇ ਤੇ

**• ਮੁੰਬਈ**

ਅਗਨੀਵੀਰ ਦੀ ਤਰਜ਼ 'ਤੇ ਗ੍ਰਹਿ ਵਿਭਾਗ ਨੇ ਹੁਣ ਮਹਾਰਾਸ਼ਟਰ 'ਚ 3,000 ਪੁਲਿਸ ਮੁਲਾਜ਼ਮਾਂ ਦੀ ਭਰਤੀ ਕਰਨ ਦਾ ਫੈਸਲਾ ਕੀਤਾ ਹੈ। ਰਾਜ ਸੁਰੱਖਿਆ ਕਾਰਪੋਰੇਸ਼ਨ ਵੱਲੋਂ ਇਹ ਭਰਤੀ 11 ਮਹੀਨਿਆਂ ਲਈ ਕੀਤੀ ਜਾਵੇਗੀ, ਇਸ ਤਰ੍ਹਾਂ ਦਾ ਇਹ ਪਹਿਲਾ ਫੈਸਲਾ ਹੈ। ਮੁੰਬਈ ਪੁਲਿਸ ਕੋਲ ਮੈਨਪਾਵਰ ਦੀ ਭਾਰੀ ਕਮੀ ਦੇ ਕਾਰਨ, ਮੁੰਬਈ ਪੁਲਿਸ ਕਮਿਸ਼ਨਰ ਦੀ ਬੇਨਤੀ 'ਤੇ, ਗ੍ਰਹਿ ਵਿਭਾਗ ਨੇ ਠੇਕੇ 'ਤੇ ਪੁਲਿਸ ਕਰਮਚਾਰੀਆਂ ਦੀ ਭਰਤੀ ਕਰਨ ਦਾ ਫੈਸਲਾ ਕੀਤਾ ਹੈ। ਪੁਲੀਸ ਫੋਰਸ ਲਈ ਕਾਂਸਟੇਬਲ ਤੋਂ ਲੈ ਕੇ ਏਪੀਆਈ (ਸਹਾਇਕ ਪੁਲੀਸ ਇੰਸਪੈਕਟਰ) ਤੱਕ ਦੀਆਂ 40 ਹਜ਼ਾਰ 624 ਅਸਾਮੀਆਂ ਮਨਜ਼ੂਰ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ 10 ਹਜ਼ਾਰ ਅਸਾਮੀਆਂ ਖਾਲੀ ਹਨ, ਜਿਸ ਕਾਰਨ ਰੋਜ਼ਾਨਾ ਦੇ ਕੰਮਾਂ ਲਈ ਪੁਲੀਸ ਦੀ ਘਾਟ ਹੈ। ਰਾਜ ਸਰਕਾਰ ਨੇ 21 ਜਨਵਰੀ, 2021 ਨੂੰ 7076 ਕਾਂਸਟੇਬਲਾਂ ਅਤੇ 994 ਪੁਲਿਸ ਡਰਾਈਵਰਾਂ ਦੀ ਭਰਤੀ ਨੂੰ ਪ੍ਰਵਾਨਗੀ ਦਿੱਤੀ ਸੀ। ਇਸ ਭਰਤੀ ਪ੍ਰਕਿਰਿਆ ਅਤੇ ਸਿਖਲਾਈ ਦੇ ਮੁਕੰਮਲ ਹੋਣ ਤੋਂ ਬਾਅਦ 2 ਸਾਲ ਬਾਅਦ ਨਵੀਂ ਪੁਲਿਸ ਫੋਰਸ ਸੇਵਾ ਵਿੱਚ ਆਵੇਗੀ, ਉਦੋਂ ਤੱਕ ਪੁਲਿਸ ਮੁਲਾਜ਼ਮਾਂ ਨੂੰ 11 ਮਹੀਨਿਆਂ ਲਈ ਠੇਕੇ 'ਤੇ ਭਰਤੀ ਕੀਤਾ ਜਾਵੇਗਾ। ਕਾਂਗਰਸੀ ਵਿਧਾਇਕ ਭਾਈ ਜਗਤਾਪ ਨੇ ਕਿਹਾ ਕਿ ਜੇਕਰ ਪੁਲਿਸ ਠੇਕੇ 'ਤੇ ਕੰਮ ਕਰੇਗੀ ਤਾਂ ਕਿਵੇਂ ਕਰੇਗੀ, ਅੱਜ ਪੁਲਿਸ ਦਾ ਤਬਾਦਲਾ ਪੈਸੇ ਲੈ ਕੇ ਕੀਤਾ ਜਾ ਰਿਹਾ ਹੈ।



## ਸੇਨੇਗਲ 'ਚ ਪਲਟੀ ਕਿਸ਼ਤੀ 17 ਲੋਕਾਂ ਦੀ ਮੌਤ

**• ਅਫਰੀਕੀ**

ਦੇਸ਼ ਸੇਨੇਗਲ ਦੀ ਰਾਜਧਾਨੀ ਡਕਾਰ ਵਿੱਚ ਇਕ ਕਿਸ਼ਤੀ ਪਲਟਣ ਕਾਰਨ ਘੱਟੋ-ਘੱਟ 17 ਲੋਕਾਂ ਦੀ ਮੌਤ ਹੋ ਗਈ। ਸਥਾਨਕ ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਡਕਾਰ ਦੇ ਓਕਮ ਖੇਤਰ ਦੇ ਮੇਅਰ ਨਡੇਯ ਟੋਪ ਗੁਏ ਅਨੁਸਾਰ, ਨੇਵੀ ਨੇ ਸੋਮਵਾਰ ਤੜਕੇ ਲਾਸ਼ਾਂ ਨੂੰ ਬਰਾਮਦ ਕੀਤਾ। ਵਾਕਿੰਗ ਬਾਰਡਰਜ਼ ਨਾਂ ਦੇ ਸਪੈਨਿਸ਼ ਸਹਾਇਤਾ ਸਮੂਹ ਦੇ ਮੁਤਾਬਕ ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਕਿਸ਼ਤੀ 'ਚ ਸਵਾਰ ਲੋਕ ਕਿਹੜੀ ਰਾਸ਼ਟਰੀਅਤਾ ਦੇ ਸਨ ਅਤੇ ਉਹ ਕਿੱਥੇ ਜਾ ਰਹੇ ਸਨ।



ਐਟਲਾਂਟਿਕ ਮਾਈਗ੍ਰੇਸ਼ਨ ਰੂਟ ਦੁਨੀਆ ਦੇ ਸਭ ਤੋਂ ਘਾਤਕ ਮਾਰਗਾਂ 'ਚੋਂ ਇਕ ਹੈ, ਜਿਸ ਵਿੱਚ 2023 ਦੇ ਪਹਿਲੇ ਅੱਧ ਵਿੱਚ ਲਗਭਗ 800 ਲੋਕ ਮਾਰੇ ਗਏ ਜਾਂ ਲਾਪਤਾ ਹੋਏ ਹਨ।

## ਫਾਜਿਲਕਾ ਦੇ 10 ਸਕੂਲ ਰਹਿਣਗੇ ਅਜੇ ਬੰਦ

**• ਫਾਜਿਲਕਾ**

ਫਾਜਿਲਕਾ ਦੇ ਜਿਲ੍ਹਾ ਮੈਜਿਸਟਰੇਟ ਡਾ: ਸੇਨੂ ਦੁੱਗਲ ਨੇ ਫੌਜਦਾਰੀ ਜਾਬਤਾ ਸੰਘਤਾ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਫਾਜਿਲਕਾ ਜਿਲ੍ਹੇ ਦੇ ਹੜ੍ਹ ਦੇ ਪਾਣੀ ਤੋਂ ਪ੍ਰਭਾਵਿਤ ਖੇਤਰਾਂ ਦੇ 10 ਸਰਕਾਰੀ ਸਕੂਲਾਂ ਨੂੰ 29 ਜੁਲਾਈ 2023 ਤੱਕ ਬੰਦ ਰੱਖਣ ਦਾ ਹੁਕਮ ਦਿੱਤਾ ਹੈ। ਜਿਲ੍ਹਾ ਮੈਜਿਸਟੇਰਟ ਡਾ: ਸੇਨੂ ਦੁੱਗਲ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹ ਸਕੂਲ ਬਲਾਕ ਫਾਜਿਲਕਾ 2 ਅਤੇ ਗੁਰੂਹਰਸਹਾਏ 3 ਅਧੀਨ ਪੈਂਦੇ ਹਨ। ਜੋ ਸਕੂਲ 29 ਜੁਲਾਈ 2023 ਤੱਕ ਬੰਦ ਰਹਿਣਗੇ। ਉਨ੍ਹਾਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੰਗੜ ਭੈਣੀ, ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬਾ ਭੈਣੀ, ਸਰਕਾਰੀ ਪ੍ਰਾਇਮਰੀ ਸਕੂਲ ਢਾਣੀ ਸੱਦਾ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਦੋਨਾ ਨਾਨਕਾ, ਸਰਕਾਰੀ ਪ੍ਰਾਇਮਰੀ ਸਕੂਲ ਤੇਜਾ ਰੁਹੇਲਾ, ਸਰਕਾਰੀ ਪ੍ਰਾਇਮਰੀ ਸਕੂਲ ਗੱਟੀ ਨੰਬਰ 1, ਸਰਕਾਰੀ ਪ੍ਰਾਇਮਰੀ ਸਕੂਲ ਮੁਹਾਰ ਜਮਸੇਰ, ਸਰਕਾਰੀ ਪ੍ਰਾਇਮਰੀ ਸਕੂਲ ਮਹਾਤਮ ਨਗਰ, ਸਰਕਾਰੀ ਪ੍ਰਾਇਮਰੀ ਸਕੂਲ ਢਾਣੀ ਨੱਥਾ ਸਿੰਘ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਆਤੂ ਵਾਲਾ ਸ਼ਾਮਿਲ ਹਨ। ਇੰਨ੍ਹਾਂ ਸਕੂਲਾਂ ਤੋਂ ਇਲਾਵਾ ਜਿਲ੍ਹੇ ਦੇ ਬਾਕੀ ਸਮੂਹ ਸਕੂਲ ਆਮ ਵਾਂਗ ਖੁੱਲਣਗੇ।

### ਪੰਜਾਬ ਪੁਲਸ ਨੇ ਚਲਾਇਆ ਵਿਸ਼ੇਸ਼ ਆਪ੍ਰੇਸ਼ਨ

## ਲੱਖਾਂ ਦੀ ਡਰੱਗ ਮਨੀ ਬਰਾਮਦ, 19 ਗ੍ਰਿਫ਼ਤਾਰ

**• ਚੰਡੀਗੜ੍ਹ/ਫਿਰੋਜ਼ਪੁਰ**

ਪੰਜਾਬ ਪੁਲਸ ਨੇ ਵਿਸ਼ੇਸ਼ ਟਾਸਕ ਫੋਰਸ ਨਾਲ ਮਿਲ ਕੇ ਅੱਜ ਦੂਜੇ ਦਿਨ ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧੀਆਂ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰੱਖਿਆ। ਇਹ ਕਾਰਵਾਈ ਫਿਰੋਜ਼ਪੁਰ ਰੇਂਜ 'ਚ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕੀਤੀ ਗਈ।

ਇਹ ਮੁਹਿੰਮ ਪੰਜਾਬ ਪੁਲਸ ਵੱਲੋਂ ਬਠਿੰਡਾ ਰੇਂਜ ਵਿੱਚ ਚਲਾਈ ਗਈ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਤੋਂ ਇਕ ਦਿਨ ਬਾਅਦ ਚਲਾਈ ਗਈ। ਦੱਸਣਯੋਗ ਹੈ ਕਿ ਬਠਿੰਡਾ ਰੇਂਜ ਪੁਲਸ ਵੱਲੋਂ ਕੀਤੇ ਗਏ ਇਸ ਆਪ੍ਰੇਸ਼ਨ ਵਿੱਚ 33 ਐੱਫਆਈਆਰਜ਼ ਦਰਜ ਕਰਨ ਉਪਰੰਤ 41 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਨ੍ਹਾਂ ਦੇ ਕਬਜ਼ੇ 'ਚੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਅਤੇ ਡਰੱਗ ਮਨੀ ਬਰਾਮਦ ਕੀਤੀ ਗਈ ਸੀ। ਅੱਜ ਇਹ ਆਪ੍ਰੇਸ਼ਨ ਫਿਰੋਜ਼ਪੁਰ ਅਤੇ ਫਾਜ਼ਿਲਕਾ ਸਮੇਤ ਫਿਰੋਜ਼ਪੁਰ ਰੇਂਜ ਦੇ ਦੋਵਾਂ ਪੁਲਸ ਜ਼ਿਲ੍ਹਿਆਂ ਵਿੱਚ ਇਕੋ ਸਮੇਂ ਬਾਅਦ ਦੁਪਹਿਰ 1 ਤੋਂ ਸ਼ਾਮ 5 ਵਜੇ ਤੱਕ ਚਲਾਇਆ ਗਿਆ ਸੀ ਅਤੇ ਐੱਸਐੱਸਪੀਜ਼ ਨੂੰ ਭਾਰੀ ਪੁਲਸ ਫੋਰਸ ਤਾਇਨਾਤ ਕਰਕੇ ਸੁਚੱਜੇ ਢੰਗ ਨਾਲ ਯੋਜਨਾ ਬਣਾਉਣ ਲਈ ਕਿਹਾ ਗਿਆ ਸੀ। ਇਹ ਆਪ੍ਰੇਸ਼ਨ ਏਡੀਜੀਪੀ ਲਾਅ ਐਂਡ ਆਰਡਰ ਗੁਰਿੰਦਰ ਸਿੰਘ ਢਿੱਲੋਂ ਤੇ ਡੀਆਈਜੀ ਫਿਰੋਜ਼ਪੁਰ ਰੇਂਜ ਰਣਜੀਤ ਸਿੰਘ ਢਿੱਲੋਂ ਦੀ ਸਮੁੱਚੀ ਨਿਗਰਾਨੀ ਹੇਠ ਚਲਾਇਆ ਗਿਆ।



ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਸ ਆਪ੍ਰੇਸ਼ਨ ਦੌਰਾਨ ਪੁਲਸ ਟੀਮਾਂ ਨੇ 15 ਐੱਫਆਈਆਰਜ਼ ਦਰਜ ਕਰਕੇ 19 ਸਮਾਜ ਵਿਰੋਧੀ ਅਨਸਰਾਂ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਟੀਮਾਂ ਨੇ ਉਨ੍ਹਾਂ ਕੋਲੋਂ 13.96 ਲੱਖ ਰੁਪਏ ਦੀ ਡਰੱਗ ਮਨੀ, 320 ਗ੍ਰਾਮ ਹੈਰੋਇਨ ਅਤੇ ਵੱਡੀ ਮਾਤਰਾ 'ਚ ਲਾਹਣ ਬਰਾਮਦ ਕਰਨ ਤੋਂ ਇਲਾਵਾ ਸ਼ੱਕੀ ਵਿਅਕਤੀਆਂ ਦੇ 27 ਵਾਹਨ ਵੀ ਜ਼ਬਤ ਕੀਤੇ ਹਨ। ਉਨ੍ਹਾਂ ਕਿਹਾ ਕਿ 1300 ਤੋਂ ਵੱਧ ਪੁਲਸ ਮੁਲਾਜ਼ਮਾਂ ਦੀ ਮਜ਼ਬੂਤ ਫੋਰਸ ਨੇ ਦੋਵਾਂ ਜ਼ਿਲ੍ਹਿਆਂ ਵਿੱਚ ਪਛਾਣੇ ਗਏ 62 ਤੋਂ ਵੱਧ ਡਰੱਗ ਹੌਟਸਪੌਟਸ ਵਿੱਚ ਇਹ ਆਪ੍ਰੇਸ਼ਨ ਚਲਾਇਆ। ਉਨ੍ਹਾਂ ਦੱਸਿਆ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਇਲਾਵਾ ਪੁਲਸ ਟੀਮਾਂ ਨੇ 50 ਦੇ ਕਰੀਬ ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ।

## ਬਹਾਲ ਕਰ ਦਿਤੀਆਂ ਗਈਆਂ ਮਨੀਪੁਰ 'ਚ ਇੰਟਰਨੈੱਟ ਸੇਵਾਵਾਂ ਲੋਕਾਂ ਲਈ

**• ਇੰਫਾਲ**



ਮਨੀਪੁਰ 'ਚ ਇੰਟਰਨੈੱਟ 'ਤੇ ਲੱਗੀ ਪਾਬੰਦੀ ਬਾਸ਼ਰਤ ਹਟਾ ਦਿੱਤੀ ਹੈ। ਸਰਕਾਰੀ ਹੁਕਮ ਮੁਤਾਬਕ ਬਰਾਡਬੈਂਡ ਸੇਵਾਵਾਂ ਬਹਾਲ ਲਈ ਸ਼ਰਤਾਂ ਰੱਖੀਆਂ ਗਈਆਂ ਹਨ। ਅਧਿਕਾਰੀਆਂ ਨੇ ਕਿਹਾ ਕਿ ਮੋਬਾਈਲ ਇੰਟਰਨੈੱਟ 'ਤੇ ਪਾਬੰਦੀ ਬਰਕਰਾਰ ਰਹੇਗੀ।

ਪੰਜਾਬ ਵਿੱਚ 28 ਜੁਲਾਈ ਤੱਕ ਭਾਰੀ ਮੀਂਹ ਪੈਣ ਦਾ ਅਲਰਟ, ਚੰਡੀਗੜ੍ਹ, ਵਿਨੋਦ ਸ਼ਰਮਾ, ਮੌਸਮ ਕੇਂਦਰ ਚੰਡੀਗੜ੍ਹ ਮੁਤਾਬਕ 28 ਜੁਲਾਈ ਤੱਕ ਕਈ ਜ਼ਿਲ੍ਹਿਆਂ 'ਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਦੌਰਾਨ ਦਿਨ ਦੇ ਤਾਪਮਾਨ 'ਚ ਭਾਰੀ ਗਿਰਾਵਟ ਆ ਸਕਦੀ ਹੈ। ਉਥੇ ਹੀ ਮੌਸਮ ਵਿਭਾਗ ਨੇ ਲੋਕਾਂ ਨੂੰ ਬਾਹਰ ਨਿਕਲਣ ਤੋਂ ਪਹਿਲਾਂ, IMD ਦੀ ਚੇਤਾਵਨੀ ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ।


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਅਖਿਲ ਚੌਧਰੀ ਐਸਐਸਪੀ ਨੇ ਕੀਤੀ ਸੰਤੋਸ਼ ਕਟਾਰੀਆ ਵਿਧਾਇਕ ਨਾਲ ਮੁਲਾਕਾਤ



**• ਸਹੀਦ ਭਗਤ ਸਿੰਘ ਨਗਰ**

ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੰਜਾਬ ਵਿੱਚ ਅਮਨ ਸ਼ਾਂਤੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅੱਜ ਨਵਾਂਸ਼ਹਿਰ ਜਿਲ੍ਹੇ ਦੇ ਐਸਐਸਪੀ ਅਖਿਲ ਚੌਧਰੀ ਨੇ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ। ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਬਲਾਚੌਰ ਹਲਕੇ ਦੇ ਥਾਣਿਆਂ ਵਿੱਚ ਪੁਲਿਸ ਮੁਲਾਜ਼ਮਾਂ ਦੀ ਘਾਟ ਨੂੰ ਪੂਰਾ ਕਰਨ ਲਈ ਐੱਸਐੱਸਪੀ ਨਾਲ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਐਸਐਸਪੀ ਸਾਹਿਬ ਨੇ ਇਸ ਘਾਟ ਨੂੰ ਪੂਰਾ ਕਰਨ ਦਾ ਭਰੋਸਾ ਦੁਆਇਆ। ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਤੇ ਅਸ਼ੋਕ ਕਟਾਰੀਆ ਸੀਨੀਅਰ ਨੇਤਾ ਨੇ ਐਸਐਸਪੀ ਸਾਹਿਬ ਨੂੰ ਦੋਸ਼ਾਲਾ ਭੇਟ ਕੀਤਾ।

# ਬਾਬਾ ਵਧਾਵਾ ਸਿੰਘ ਜੀ ਵਿਦਿਆ ਕੇਂਦਰ ਸਕੂਲ ਲੱਖਾ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਭਲਕੇ

**• ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਬਾਬਾ ਵਧਾਵਾ ਸਿੰਘ ਜੀ ਵਿਦਿਆ ਕੇਂਦਰ ਸਕੂਲ, ਪਿੰਡ-ਲੱਖਾ, ਤਹਿ: ਜਗਰਾਉ, ਲੁਧਿਆਣਾ ਵਿਖੇ ਭਲਕੇ 26 ਜੁਲਾਈ (ਬੁੱਧਵਾਰ) ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਹੋਵੇਗਾ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਸੀ.ਈ.ਓ. ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਸ਼?ਰੀ ਸੰਦੀਪ ਕੁਮਾਰ (ਆਈ.ਏ.ਐਸ.) ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਦੋਨੋ ਭਾਗ ਲੈ ਸਕਦੇ ਹਨ। ਗਰੇਜੂਏਸ਼ਨ (ਬੀ.ਐਡ, ਬੀ.ਕਾਮ., ਬੀ.ਐਸ ਸੀ)/ ਪੋਸਟ ਗਰੇਜੂਏਸ਼ਨ (ਐਮ.ਕਾਮ, ਐਮ. ਐਸ ਸੀ) ਪਾਸ ਪ੍ਰਾਰਥੀ ਕੈਂਪ ਵਿੱਚ ਭਾਗ ਲੈ ਸਕਦੇ ਹਨ।

ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਸ਼?ਰੀਮਤੀ ਮਿਨਾਕਸ਼ੀ ਸ਼ਰਮਾ ਵੱਲੋਂ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ ਅਤੇ ਉਨ੍ਹਾਂ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਸ ਕੈਂਪ ਵਿੱਚ ਭਾਗ ਲੈਣ ਵਾਲੇ ਪ੍ਰਾਰਥੀਆਂ ਦੀ ਜਿਲ੍ਹਾ ਰੋਜ਼ਗਾਰ ਦਫਤਰ, ਲੁਧਿਆਣਾ ਵਿੱਚ ਰਜਿਸਟ?ਰੇਸ਼ਨ ਹੋਣਾ ਜ਼ਰੂਰੀ ਹੈ, ਜਿਨ੍ਹਾਂ ਪ੍ਰਾਰਥੀਆਂ ਦੀ ਰਜਿਸਟ?ਰੇਸ਼ਨ ਨਹੀਂ ਹੋਈ ਹੈ, ਉਹ ਪ੍ਰਾਰਥੀ ਆਪਣੇ ਸਾਰੇ ਅਸਲ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ ਇਹਨਾਂ ਦੀਆਂ ਫੋਟੋ ਕਾਪੀਆਂ ਨਾਲ ਲਿਆਉਣ ਤਾਂ ਜੋ ਪ੍ਰਾਰਥੀਆਂ ਦੀ ਮੌਕੇ ਤੇ ਹੀ ਰਜਿਸਟ?ਰੇਸ਼ਨ ਕੀਤੀ ਜਾ ਸਕੇ।ਪ੍ਰਾਰਥੀ ਆਪਣਾ ਬਾਇਉ ਡਾਟਾ ਵੀ ਨਾਲ ਲੈ ਕੇ ਇਸ ਕੈਂਪ ਵਿੱਚ ਸ਼ਮੂਲਿਅਤ ਕਰਨ।

ਡੀ.ਬੀ.ਈ.ਈ. ਦੇ ਰੋਜ਼ਗਾਰ ਜਨਰੇਸ਼ਨ ਅਤੇ ਟ?ਰੇਨਿੰਗ ਅਫਸਰ ਮਿਸ ਸੁਖਮਨ ਮਾਨ ਨੇ ਦੱਸਿਆ ਕਿ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰਾਰਥੀ ਇਸ ਦਫਤਰ ਦੇ ਹੈਲਪਲਾਈਨ ਨੰ: 77400-01682 ’ਤੇ ਵੀ ਸੰਪਰਕ ਕਰ ਸਕਦੇ ਹਨ।

# ਬੀਐਸਸੀ ਅਰਥ ਸ਼ਾਸਤਰ ਦੀ ਕੁਮਾਰੀ ਦਿਲਪ੍ਰੀਤ ਕੌਰ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਪਹਿਲੇ ਸਥਾਨ ’ਤੇ ਰਹੀ



**• ਦੀਨਾਨਗਰ (ਡਾ.ਰਮੇਸ਼ ਸਰੰਗਲ )**

ਸ਼ਾਂਤੀ ਦੇਵੀ ਆਰੀਆ ਮਹਿਲਾ ਮਹਾਵਿਦਿਆਲਿਆ, ਦੀਨਾਨਗਰ ਦੀ ਬੀਐਸਸੀ ਅਰਥ ਸ਼ਾਸਤਰ ਦੀ ਵਿਦਿਆਰਥਣ ਦਿਲਪ੍ਰੀਤ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਲਈ ਗਈ ਦੂਜੇ ਸਮੈਸਟਰ ਦੀ ਪ੍ਰੀਖਿਆ ਵਿੱਚ 311/400 ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸੰਸਥਾ ਦਾ ਨਾਂ ਰੌਸ਼ਨ ਕੀਤਾ ਹੈ। ਪਿ?ਸੀਪਲ ਡਾ: ਰੀਨਾ ਤਲਵਾੜ ਨੇ ਦੱਸਿਆ ਕਿ ਯੂਨੀਵਰਸਿਟੀ ’ਚੋਂ ਦਿਲਪ੍ਰੀਤ ਕੌਰ ਨੇ ਪਹਿਲਾ, ਕੁਮਾਰੀ ਰਾਧਿਕਾ ਨੇ 266/400 ਅੰਕ ਲੈ ਕੇ ਕਾਲਜ ’ਚੋਂ ਦੂਜਾ ਅਤੇ ਸ਼ਿਵਾਨੀ ਨੇ 261/400 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ, ਪਿ?ਸੀਪਲ ਡਾ: ਰੀਨਾ ਤਲਵਾੜ ਨੇ ਇਸ ਪ੍ਰਾਪਤੀ ਦਾ ਸਿਹਰਾ ਅਰਥ ਸ਼ਾਸਤਰ ਵਿਭਾਗ ਦੇ ਮਿਹਨਤੀ ਅਧਿਆਪਕਾਂ ਦੇ ਨਾਲ-ਨਾਲ ਮਾਪਿਆਂ ਨੂੰ ਦਿੱਤਾ, ਉਨ੍ਹਾਂ ਕਿਹਾ ਕਿ ਅਸੀਂ ਇਸ ਸੰਸਥਾ ਪ੍ਰਤੀ ਮਾਪਿਆਂ ਦੇ ਵਿਸ਼ਵਾਸ ਨੂੰ ਹਮੇਸ਼ਾ ਕਾਇਮ ਰੱਖਿਆ ਹੈ। ਇਸ ਮੌਕੇ ਪ੍ਰੋਫੈਸਰ ਸ਼ੈਲਿਕਾ ਅਗਰਵਾਲ ਅਤੇ ਪ੍ਰੋ. ਏਕਤਾ ਹਾਜਰ ਸੀ।

# ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਹਲਕੇ ਵਿੱਚ ਨਵੀਆ ਪੁਲਾਘਾ ਪੁੱਟ ਰਹੇ ਹਨ ਵਿਦਿਆਰਥੀ



**ਸ੍ਰੀ ਅਨੰਦਪੁਰ ਸਾਹਿਬ**

ਸਿੱਖਿਆ ਮੰਤਰੀ ਸ.ਹਰਜੋਤ ਸਿੰਘ ਬੈਂਸ ਵੱਲੋਂ ਸਰਕਾਰੀ ਸਕੂਲਾਂ ਵਿਚ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਦੇ ਉਪਰਾਲੇ ਨਿਰੰਤਰ ਜਾਰੀ ਹਨ। ਸਰਕਾਰੀ ਸਕੂਲਾਂ ਵਿੱਚ ਦਾਖਲਾ ਪ੍ਰਤੀਸ਼ਤ ਵੱਧ ਰਿਹਾ ਹੈ, ਸਕੂਲ ਆਫ ਐਮੀਨੈਂਸ ਮਾਡਲ ਅਤੇ ਕਾਨਵੈਂਟ ਸਕੂਲਾਂ ਦੀ ਸਿੱਖਿਆ ਦੇਣ ਲਈ ਤਿਆਰ ਕਰਵਾਏ ਗਏ ਹਨ। ਪ੍ਰਿੰਸੀਪਲ ਸਿੰਘਾਪੁਰ ਵਿੱਚ ਵਿਸ਼ੇਸ ਸਿਖਲਾਈ ਪ੍ਰਾਪਤ ਕਰ ਰਹੇ ਹਨ।ਸਕੂਲਾਂ ਦੇ ਬੁਨਿਆਦੀ ਢਾਂਚੇ ਦਾ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਬਿਜਨਸ ਬਲਾਸਟਰ, ਸਮਰ ਕੈਂਪ, ਖੇਡਾਂ ਵਰਗੀਆਂ ਗਤੀਵਿਧੀਆਂ ਨਾਲ ਵਿਦਿਆਰਥੀ ਸਮੇਂ ਦੇ ਹਾਣੀ ਬਣ ਰਹੇ ਹਨ। ਭਗਵੰਤ ਮਾਨ ਦੀ ਸਰਕਾਰ ਸੂਬੇ ਵਿੱਚ ਸਿੱਖਿਆ ਦਾ ਵਿਆਪਕ ਵਿਕਾਸ ਕਰਵਾ ਰਹੀ ਹੈ। ਸਿੱਖਿਆ ਮੰਤਰੀ ਹਰਜੋਤ ਬੈਂਸ ਦਾ ਹਲਕਾ ਇਸ ਖੇਤਰ ਵਿੱਚ ਰਾਹ ਦਸੇਰਾ ਬਣ ਰਿਹਾ ਹੈ। ਸਰਕਾਰੀ ਸਕੂਲਾਂ ਦੇ ਵਿਦਿਆਰਥੀ ਨਵੀਆ ਪੁਲਾਘਾ ਪੁੱਟ ਰਹੇ ਹਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੀ ਵਿਦਿਆਰਥਣ ਇਸ਼ਮੀਤ ਕੋਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਵਿੱਚ ਅਰਥ ਸ਼ਾਸਤਰ ਵਿਸ਼ੇ ਵਿਚੋਂ 100 ਅੰਕਾਂ ਵਿੱਚੋਂ 100 ਅੰਕ ਪ੍ਰਾਪਤ ਕਰਕੇ ਅਰਥ ਸ਼ਾਸਤਰ ਵਿਸ਼ੇ ਦਾ ਨਤੀਜਾ ਸੌ ਪ੍ਰਤੀਸ਼ਤ ਪ੍ਰਾਪਤ ਕੀਤਾ। ਇਸ ਵੱਡੀ ਪ੍ਰਾਪਤੀ ਉੱਤੇ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਅਤੇ ਸਮੂਹ ਸਟਾਫ ਨੇ ਲੈਕਚਰਾਰ ਅਰਥ ਸ਼ਾਸਤਰ ਦਇਆ ਸਿੰਘ, ਇਸ਼ਮੀਤ ਕੌਰ ਅਤੇ ਉਸ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਲੈਕ.ਦਇਆ ਸਿੰਘ ਸਿੱਖਿਆ ਦੇ ਨਾਲ-ਨਾਲ ਹੋਰ ਗਤੀਵਿਧੀਆ ਵਿੱਚ ਵੀ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਉਦੇ ਹਨ ਉਨ੍ਹਾਂ ਦੀ ਮਿਹਨਤ ਨਾਲ ਵਿਦਿਆਰਥੀ ਹਰ ਪੱਧਰ ਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਜ਼ਿਕਰਯੋਗ ਪ੍ਰਾਪਤੀਆਂ ਕਰਦੇ ਹਨ। ਇਸ ਮੌਕੇ ਸਕੂਲ ਵਲੋਂ ਇਸ਼ਮੀਤ ਕੌਰ ਨੂੰ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉੱਤੇ ਪਿਤਾ ਗੁਰਪ੍ਰੀਤ ਸਿੰਘ, ਲੈਕ.ਸੰਗੀਤਾ ਗੇਰਾ, ਲੈਕ.ਨਰੇਸ਼ ਰਾਣੀ, ਲੈਕ.ਸੀਮਾ ਜੱਸਲ, ਲੈਕ.ਜਵਨੀਤ ਅੰਮ੍ਰਿਤ, ਲੈਕ.ਇਕਬਾਲ ਸਿੰਘ, ਲੈਕ.ਅਰੁਣ ਕੁਮਾਰ, ਲੈਕ.ਜੀਵਨ ਜਯੋਤੀ, ਸੁਨੀਤਾ ਧਰਮਾਣੀ, ਮਨਦੀਪ ਕੌਰ ਮਿਨਹਾਸ, ਗੁਰਦੀਪ ਕੌਰ,ਸੀਮਾ ਰਠੌਰ, ਕਵਿਤਾ ਬੇਦੀ, ਅਸ਼ੋਕ ਕੁਮਾਰ, ਲੈਕ.ਕਰਮਜੀਤ ਕੌਰ, ਲੈਕ.ਪ੍ਰਤਿਭਾ,ਲੈਕ.ਪਰਵਿੰਦਰ ਕੌਰ,ਅਨਾਮਿਕਾ ਸ਼ਰਮਾ, ਜਸਵਿੰਦਰ ਕੋਰ, ਪੁਨੀਤਾ, ਸ਼ਰਮਾ, ਪੁਸ਼ਪਾ ਦੇਵੀ, ਮਨਜਿੰਦਰ ਕੌਰ, ਸੁਨੀਤਾ ਦੇਵੀ, ਗੁਰਪ੍ਰੀਤ ਕੌਰ ਚਾਨਾ, ਸੁਮਨ ਚਾਂਦਲਾ, ਸੁਖਜੀਤ ਕੌਰ, ਬਲਜੀਤ ਕੌਰ, ਦਲਜੀਤ ਕੌਰ, ਰੇਨੂੰ ਬਾਲਾ, ਪੁਸ਼ਪਾ ਦੇਵੀ, ਸੁਨੀਤਾ ਦੇਵੀ, ਮੀਨਾ ਦੇਵੀ, ਤਰਨਜੀਤ ਸਿੰਘ, ਸੁਮਿਤ ਕੁਮਾਰ, ਨਵੀਨ ਸ਼ਰਮਾ ਆਦਿ ਹਾਜ਼ਰ ਸਨ ।

# ਡਿਪਟੀ ਕਮਿਸ਼ਨਰ ਨੇ ਪਿੰਡ ਟੌਂਸਾ ਸਥਿਤ ਫੈਕਟਰੀਆਂ ਦਾ ਕੀਤਾ ਦੌਰਾ



**• ਸਹੀਦ ਭਗਤ ਸਿੰਘ ਨਗਰ**

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਪਿੰਡ ਟੌਂਸਾ ਅਤੇ ਇਸ ਦੇ ਆਸ-ਪਾਸ ਫੈਕਟਰੀਆਂ ਦਾ ਦੌਰਾ ਕੀਤਾ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਬਰਸਾਤ ਤੋਂ ਬਾਅਦ ਇਸ ਇਲਾਕੇ ਵਿਚੋਂ ਪਾਣੀ ਦੀ ਸਹੀ ਢੰਗ ਨਾਲ ਨਿਕਾਸੀ ਨਹੀਂ ਹੁੰਦੀ, ਜਿਸ ਕਾਰਨ ਭਾਰੀ ਮਾਤਰਾ ਵਿੱਚ ਪਾਣੀ ਇਕੱਠਾ ਹੋ ਜਾਂਦਾ ਹੈ। ਉਨ੍ਹਾਂ ਨੇ ਫੈਕਟਰੀ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਕ ਯੋਜਨਾਬੱਦ ਤਰੀਕੇ ਨਾਲ ਸਿੰਚਾਈ ਵਿਭਾਗ ਅਤੇ ਇੰਜੀਨੀਅਰਾਂ ਦੀ ਸਲਾਹ ਦੇ ਅਨੁਸਾਰ ਯੋਜਨਾ ਉਲੀਕੀ ਜਾਵੇ ਅਤੇ ਪਹਿਲਾਂ ਤੋਂ ਪਾਣੀ ਦੀ ਨਿਕਾਸੀ ਦੇ ਲਈ ਬਣਾਏ ਗਏ ਨਾਲਿਆਂ ਦਾ ਇਸ ਤਰ੍ਹਾਂ ਦੇ ਨਾਲ ਨਵੀਨੀਕਰਨ ਕੀਤਾ ਜਾਵੇ, ਕਿ ਬਰਸਾਤ ਤੋਂ ਬਾਅਦ ਪਾਣੀ ਤੇਜ਼ੀ ਦੇ ਨਾਲ ਨਿਕਲ ਸਕੇ। ਉਨ੍ਹਾਂ ਕਿਹਾ ਕਿ ਇਸ ਕੰਮ ਦੇ ਲਈ ਫੈਕਟਰੀ ਦੇ ਆਲੇ-ਦੁਆਲੇ ਦੀਆਂ ਪੰਚਾਇਤਾਂ ਦੇ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਜਾਵੇ, ਤਾਂ ਜੋ ਬਰਸਾਤ ਦੇ ਦੌਰਾਨ ਪਿੰਡ ਵਾਸੀਆਂ ਨੂੰ ਵੀ ਪਾਣੀ ਦੀ ਨਿਕਾਸੀ ਸਬੰਧੀ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਕਿਹਾ ਕਿ ਪਿੰਡ ਵਾਸੀ ਵੀ ਕਾਫੀ ਸਮੇਂ ਤੋਂ ਇਸ ਪਿੰਡਾਂ ਦੇ ਵਿਚ ਵਸੇ ਹੋਏ ਹਨ ਤੇ ਪਿੰਡ ਵਾਸੀ ਵੀ ਪਾਣੀ ਦੀ ਨਿਕਾਸੀ ਦੇ ਲਈ ਆਪਣੀ ਸਲਾਹ ਦੇ ਸਕਦੇ ਹਨ, ਜੋ ਕਿ ਬੇਹੱਦ ਲਾਹੇਵੰਦ ਸਾਬਤ ਹੋਵੇਗੀ। ਉਨ੍ਹਾਂ ਨੇ ਇਸ ਇਲਾਕੇ ਦੇ ਵਾਸੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਪਾਣੀ ਦੀ ਨਿਕਾਸੀ ਦੇ ਰਸਤੇ ਵਿੱਚ ਕਿਸੇ ਤਰ੍ਹਾਂ ਦਾ ਡੱਕਾ ਨਾ ਲਗਾਉਣ, ਤਾਂ ਜੋ ਬਰਸਾਤ ਦੇ ਮੌਸਮ ਦੌਰਾਨ ਇਸ ਖੇਤਰ ਵਿਚੋਂ ਪਾਣੀ ਦੀ ਨਿਕਾਸੀ ਚੰਗੀ ਤਰ੍ਹਾਂ ਨਾਲ ਹੋ ਸਕੇ।

**ਬਰਾਸਤੀ ਪਾਣੀ ਦੀ ਨਿਕਾਸੀ ਲਈ ਫੈਕਟਰੀਆਂ ਅਤੇ ਪਿੰਡ ਵਾਸੀ ਮਿਲ ਕੇ ਬਣਾਉਣ ਯੋਜਨਾ**

# ਐਸ ਸੀ ਡੀ ਸਰਕਾਰੀ ਕਾਲਜ ਲੁਧਿਆਣਾ ਵਿਖੇ ਵਿਦਿਅਕ ਵਰ੍ਹੇ 2023-2024 ਦਾ ਆਗਾਜ਼

## ਡਾ ਤਨਵੀਰ ਲਿਖਾਰੀ ਨੇ ਕਾਲਜ ਦੇ ਵਿਦਿਆਰਥੀਆਂ ਦਾ ਨਵੇ ਵਿਦਿਅਕ ਵਰੇ ਵਿਚ ਸਵਾਗਤ ਕੀਤਾ



**• ਲੁਧਿਆਣਾ (ਸੁਖਚੈਨ ਮਹਿਰਾ)**

ਐਸ ਸੀ ਡੀ ਸਰਕਾਰੀ ਕਾਲਜ ਲੁਧਿਆਣਾ ਵਿਖੇ ਵਿਦਿਅਕ ਵਰ੍ਹਾ 2023-24 ਵਿੱਚ ਦਾਖਲ ਹੋਏ ਸਮੂਹ ਅੰਡਰ ਗਰੈਜੂਏਟ ਵਿਦਿਆਰਥੀਆਂ ਨਾਲ ਮਿਤੀ 25-07-2023 ਸਵੇਰੇ 10:30 ਵਜੇ ਸਾਹਿਰ ਆਡੀਟੋਰੀਅਮ ਵਿਖੇ ਇੱਕ ਵਿਸ਼ੇਸ਼ ਵਿਦਿਆਰਥੀ ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ।ਜਿਸ ਦਾ ਆਗਾਜ਼ ਕਾਲਜ ਪ੍ਰਿੰਸੀਪਲ ਡਾ ਤਨਵੀਰ ਲਿਖਾਰੀ ਨੇ ਕਾਲਜ ਦੇ ਵਿਦਿਆਰਥੀਆਂ ਦਾ ਨਵੇ ਵਿਦਿਅਕ ਵਰੇ ਵਿਚ ਸਵਾਗਤ ਕੀਤਾ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਉਜਵਲ ਭਵਿੱਖ ਲਈ ਕਾਮਨਾ ਕੀਤੀ। ਉਨ੍ਹਾਂ ਨੇ ਕਾਲਜ ਦੇ ਰੌਸ਼ਨ ਇਤਿਹਾਸ ਨੂੰ ਵਿਦਿਆਰਥੀਆਂ ਨਾਲ ਰੂਬਰੂ ਕਰਵਾਇਆ ਉਨ੍ਹਾਂ ਨੂੰ ਕਾਲਜ ਦੇ ਅਮੀਰ ਅਤੇ ਵਿਸ਼ੇਸ਼ ਪ੍ਰੰਪਰਾ 'ਤੇ ਚਲਣ ਦੀ ਪ੍ਰੇਰਨਾ ਦਿੱਤੀ । ਇਸ ਮੌਕੇ ਵੱਖ-ਵੱਖ ਵਿਸ਼ਿਆਂ ਤੇ ਨਵੇਂ ਆਏ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ । ਇਸ ਵਿੱਚ ਸ਼ਾਮਲ ਸਮੂਹ ਵਿਦਿਆਰਥੀਆਂ ਨੂੰ ਕਾਲਜ ਵਿਚਲੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ ਗਿਆ ।ਡਾ.ਗੁਰਸਰਨਜੀਤ ਸਿੰਘ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਉਨਾਂ ਨੂੰ ਪ੍ਰੀਖਿਆ ਸ਼ਾਖਾ ਦੇ ਨਾਲ-ਨਾਲ ਕਾਲਜ ਦੇ ਵੱਖ-ਵੱਖ ਵਿਭਾਗਾਂ ਦੀ ਜਾਣਕਾਰੀ ਸਾਂਝੀ ਕੀਤੀ ਡਾ. ਸੰਜੂ ਗੁਪਤਾ ਅਤੇ ਡਾ. ਨੀਲਮ ਭਾਰਦਵਾਜ ਕ੍ਰਮਵਾਰ ਟਾਈਮ ਟੇਬਲ ਸਬੰਧੀ ਜਾਣਕਾਰੀ ਦਿੱਤੀ

ਸ੍ਰੀ ਹੁਸਨ ਲਾਲ ਬਸਰਾ ਨੇ ਵਜੀਫੇ ਨਾਲ ਸੰਬੰਧਤ ਜਾਣਕਾਰੀ ਵਿਦਿਆਰਥੀਆਂ ਨੂੰ ਦਿੱਤੀ ।ਡਾ ਸੱਤਿਆ ਰਾਣੀ ਨੇ ਕਾਲਜ ਵਿੱਚ ਅਨੁਸਾਸ਼ਨ ਸੰਬਧੀ ਵਿਦਿਆਰਥੀਆਂ ਨੂੰ ਰੂਬਰੂ ਕਰਵਾਇਆ ਡਾ ਨੀਲਮ ਭਾਰਦਵਾਜ ਨੇ ਆਰਟਸ ਗਰੁੱਪ ਦੇ ਟਾਈਮ ਟੇਬਲ ਸੰਗੀਤ ਕਲੱਬ ਵੂਮੈਨ ਡਿਵੈਲਪਮੈਂਟ ਸੈਲ ਆਈ ਆਈ ਸੀ ਦੀ ਭਰਪੂਰ ਜਾਣਕਾਰੀ ਦਿੱਤੀ ਡਾ ਕੁਲਵੰਤ ਸਿੰਘ ਨੇ ਕਾਲਜ ਵਿਚ ਖੇਡਾਂ ਸੰਬੰਧਤ ਸਾਰੀਆਂ ਖੇਡਾਂ ਦੀ ਜਾਣਕਾਰੀ ਦਿੱਤੀ ਡਾ ਸਜਲਾ ਨੇ ਕਾਲਜ ਵਿੱਚ ਚਲਦੇ ਪਲੇਸਮੈਂਟ ਸੈਲ ਅਤੇ ਵਿਦਿਆਰਥੀ ਕੌਂਸਲ ਦੀ ਜਾਣਕਾਰੀ ਦਿੱਤੀ ।ਸ੍ਰੀਮਤੀ ਗੀਤਾਂਜਲੀ ਪਬਰੇਜਾ ਐਨ.ਐਸ.ਐਸ. ਰੈਡ ਰਿਬਨ ਅਤੇ ਹੋਰ ਲੋੜੀਂਦੇ ਸਾਰੇ ਵਿਭਾਗਾਂ ਸਬੰਧੀ ਜਾਣੂ ਕਰਵਾਇਆ ਵਿਦਿਆਰਥੀਆਂ ਨੂੰ ਸਭਿਆਚਾਰਕ ਬਣਨ ਦੀ ਪ੍ਰਥਾ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਅਤੇ ਡਾ. ਨਿਤਿਨ ਸੂਦ ਐਨ.ਸੀ.ਸੀ ਦੀ ਜਾਣਕਾਰੀ ਦਿੱਤੀ ਉਚੇਰੀ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਤਹਿਤ ਨਵੇ ਵਿਦਿਆਰਥੀਆਂ ਲਈ ਲਿੰਗ ਸੰਵੇਦਨਸ਼ੀਲ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

# ਫੋਟੋ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ ਲਈ ਕੀਤਾ ਜਾਵੇ ਸਹਿਯੋਗ : ਡਿਪਟੀ ਕਮਿਸ਼ਨਰ




**• ਲੁਧਿਆਣਾ, (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ)**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਸੁਰਭੀ ਮਲਿਕ ਵਲੋਂ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 1 ਜਨਵਰੀ, 2024 ਨੂੰ ਨਿਰਧਾਰਿਤ ਕੀਤੇ ਜਾਣ ਤੋਂ ਬਾਅਦ ਫੋਟੋ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ ਲਈ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ।

ਾਪਣੇ ਦਫ਼ਤਰ ਵਿਖੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਵੱਲੋਂ ਵੋਟਰ ਸੂਚੀਆਂ ਵਿੱਚ ਨਾਮ ਸ਼ਾਮਲ ਕਰਨ ਅਤੇ ਕੱਟਣ ਲਈ 21 ਜੁਲਾਈ ਤੋਂ ਘਰ-ਘਰ ਜਾ ਕੇ ਸਰਵੇਖਣ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ 21 ਅਗਸਤ, 2023 ਨੂੰ ਇਹ ਕਾਰਜ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਘਰ-ਘਰ ਗਤੀਵਿਧੀ ਵਿੱਚ, ਬੀ.ਐਲ.ਓਜ਼ ਨਾਗਰਿਕਾਂ ਤੋਂ ਇਕੱਤਰ ਕੀਤੀ ਜਾਣਕਾਰੀ/ਵੇਰਵਿਆਂ ਦੀ ਤਸਦੀਕ ਕਰਨਗੇ ਅਤੇ ਗੈਰ-ਨਾਮਾਂਕਿਤ/ਮ੍ਰਿਤਕ/ਸ਼ਿਫਟ ਹੋਏ ਵੋਟਰਾਂ ਦੀ ਜਾਣਕਾਰੀ/ਵੇਰਵੇ ਵੀ ਇਕੱਤਰ ਕੀਤੇ ਜਾਣਗੇ।ਉਨ੍ਹਾਂ ਵੋਟਰ ਸੂਚੀਆਂ ਵਿਚਲੀਆਂ ਸਾਰੀਆਂ ਐਂਟਰੀਆਂ ਦੀ ਤਸਦੀਕ ਕਰਨ ਲਈ ਸਰਵੇਖਣ ਬਾਰੇ ਵੀ ਜਾਣਕਾਰੀ ਦਿੱਤੀ।

ਉਨ੍ਹਾਂ ਵੋਟਰ ਸੂਚੀਆਂ ਨੂੰ ਪੂਰੀ ਤਰ੍ਹਾਂ ਦਰੁਸਤ ਅਤੇ ਸਮਾਵੇਸ਼ੀ ਬਣਾਉਣ ਲਈ ਸਹੀ ਜਾਣਕਾਰੀ ਪ੍ਰਦਾਨ ਕਰਨ ਅਤੇ ਜਨ ਜਾਗਰੂਕਤਾ ਪੈਦਾ ਕਰਨ ਲਈ ਸਹਿਯੋਗ ਦੀ ਮੰਗ ਕੀਤੀ। ਸ੍ਰੀਮਤੀ ਮਲਿਕ ਨੇ ਕਿਹਾ ਕਿ 20 ਅਗਸਤ ਤੋਂ 20 ਸਤੰਬਰ 2023 ਤੱਕ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਕੀਤੀ ਜਾਵੇਗੀ। ਪੋਲਿੰਗ ਸਟੇਸ਼ਨ ਦੀ ਕੱਟ ਆਫ ਲਿਮਟ 15 ਵੋਟਰ ਰੱਖੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਡਰਾਫਟ ਵੋਟਰ ਸੂਚੀਆਂ 17 ਅਕਤੂਬਰ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਦਾਅਵੇ ਅਤੇ ਇਤਰਾਜ਼ 17 ਅਕਤੂਬਰ ਤੋਂ 30 ਨਵੰਬਰ, 2023 ਤੱਕ ਦਾਇਰ ਕੀਤੇ ਜਾ ਸਕਦੇ ਹਨ ਅਤੇ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 5 ਜਨਵਰੀ, 2024 ਨੂੰ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨਾਗਰਿਕਾਂ ਨੂੰ ਉਤਸਾਹਿਤ ਕਰਦਿਆਂ ਅੱਗੇ ਆਉਣ ਲਈ ਸੰਵੇਦਨਸ਼ੀਲ ਗਤੀਵਿਧੀਆਂ ਵੀ ਸ਼ੁਰੂ ਕਰੇਗਾ ਜਿਸਦੇ ਤਹਿਤ ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੈਂਸ, ਆਧਾਰ, ਰਾਸ਼ਨ ਕਾਰਡ, ਜਾਂ ਕਮਿਸ਼ਨ ਦੁਆਰਾ ਪ੍ਰਵਾਨਿਤ ਹੋਰ ਦਸਤਾਵੇਜ਼ਾਂ ਸਮੇਤ ਦਸਤਾਵੇਜ਼ਾਂ ਵਿੱਚੋਂ ਇੱਕ ਦੀ ਕਾਪੀ ਦੇ ਕੇ ਮੌਜੂਦਾ ਵੋਟਰਾਂ ਦੇ ਵੇਰਵਿਆਂ ਨੂੰ ਪ੍ਰਮਾਣਿਤ ਕੀਤਾ ਜਾਵੇਗਾ।

# 24 ਤੋਂ 31 ਜੁਲਾਈ ਤੱਕ ਵਿਰਾਸਤ-ਏ-ਖਾਲਸਾ ਸੈਲਾਨੀਆਂ ਲਈ ਰਹੇਗਾ ਬੰਦ



**• ਸ੍ਰੀ ਅਨੰਦਪੁਰ ਸਾਹਿਬ**

ਵਿਸ਼ਵ ਪ੍ਰਸਿੱਧ ਅਜਾਇਬ ਘਰਾਂ 'ਚ ਸ਼ੁਮਾਰ ਹੋ ਚੁੱਕੇ ਵਿਰਾਸਤ-ਏ-ਖਾਲਸਾ, ਸ੍ਰੀ ਅਨੰਦਪੁਰ ਸਾਹਿਬ 24 ਤੋ 31 ਜੁਲਾਈ ਤੱਕ ਛਮਾਹੀ ਰੱਖ-ਰਖਾਓ ਵਾਸਤੇ ਆਮ ਸੈਲਾਨੀਆਂ ਵਾਸਤੇ ਬੰਦ ਰੱਖਿਆ ਜਾਵੇਗਾ। ਇਸ ਲਈ ਇਸ ਅਜਾਇਬ ਘਰ ਨੂੰ ਵੇਖਣ ਆਉਣ ਵਾਲੇ ਸੈਲਾਨੀ 1 ਅਗਸਤ ਨੂੰ ਹੀ ਆਉਣ।

ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਸਾਲ ਵਿੱਚ ਦੋ ਵਾਰ ਜਨਵਰੀ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਅਤੇ ਜੁਲਾਈ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਵਿਰਾਸਤ-ਏ-ਖਾਲਸਾ, ਸ੍ਰੀ ਅਨੰਦਪੁਰ ਸਾਹਿਬ ਨੂੰ ਉਨ੍ਹਾਂ ਜਰੂਰੀ ਮੁਰੰਮਤਾਂ ਤੇ ਰੱਖ-ਰਖਾਓ ਦੇ ਲਈ ਬੰਦ

## ਛਮਾਹੀ ਰੱਖ-ਰਖਾਓ ਵਾਸਤੇ ਹਰ ਸਾਲ ਹੁੰਦਾ ਹੈ ਬੰਦ

ਰੱਖਿਆ ਜਾਂਦਾ ਹੈ ਜੋ ਕਿ ਆਮ ਦਿਨਾਂ ਦੇ ਵਿੱਚ ਨਹੀਂ ਹੋ ਸਕਦੀਆਂ ਹਨ। ਇਸ ਕਰਕੇ ਇਹ ਸੂਚਨਾ ਦਿੱਤੀ ਜਾ ਰਹੀ ਹੈ ਕਿ ਸੈਲਾਨੀਆਂ ਨੂੰ ਕੋਈ ਮੁਸ਼ਕਿਲ ਦਰਪੇਸ਼ ਨਾ ਆਵੇ। ਜਦਕਿ 1 ਅਗਸਤ 2023 ਤੋਂ ਇਹ ਅਜਾਇਬ ਘਰ ਆਮ ਦੀ ਤਰ੍ਹਾਂ ਸੈਲਾਨੀਆਂ ਵਾਸਤੇ ਖੋਲ ਦਿੱਤਾ ਜਾਵੇਗਾ।

# ਭਾਸ਼ਾ ਵਿਭਾਗ ਵੱਲੋਂ ਖ਼ਾਲਸਾ ਕਾਲਜ (ਲੜਕੀਆਂ) ਵਿਖੇ ਕਵੀ ਦਰਬਾਰ ਆਯੋਜਿਤ



**• ਲੁਧਿਆਣਾ (ਸੁਖਚੈਨ ਮਹਿਰਾ)**

ਭਾਸ਼ਾ ਵਿਭਾਗ ਪੰਜਾਬ ਦੁਆਰਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਪ੍ਰਸਾਰ ਲਈ ਵੱਖ-ਵੱਖ ਸਮਿਆਂ 'ਤੇ ਅਨੇਕ ਪ੍ਰੋਗਰਾਮ ਉਲੀਕੇ ਜਾਂਦੇ ਹਨ। ਇਸੇ ਕੜੀ ਵਿੱਚ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਡਾ.ਵੀਰਪਾਲ ਕੌਰ ਦੀ ਅਗਵਾਈ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ ਲੁਧਿਆਣਾ ਵੱਲੋਂ ਖ਼ਾਲਸਾ ਕਾਲਜ ਫ਼ਾਰ ਵੋਮੈਨ, ਲੁਧਿਆਣਾ ਦੇ ਸਹਿਯੋਗ ਨਾਲ? ਕਰਵਾਏ ਕਵੀ ਦਰਬਾਰ ਦਾ ਵਿੱਚ ਪੰਜਾਬ ਦੇ ਉੱਘੇ 15 ਕਵੀਆਂ ਨੇ ਹਾਜ਼ਰ ਸਰੋਤਿਆਂ ਨੂੰ ਕਵਿਤਾ ਦੇ ਰੰਗ ਵਿੱਚ ਮੰਤਰ ਮੁਗਧ ਕਰ ਦਿੱਤਾ।

ਜ਼ਿਲ੍ਹਾ ਭਾਸ਼ਾ ਅਫ਼ਸਰ ਡਾ.ਸੰਦੀਪ ਸ਼ਰਮਾ ਨੇ ਆਏ ਲੇਖਕਾ ਦਾ ਸੁਆਗਤ ਕੀਤਾ ਜਦਕਿ ਕਾਲਜ ਪ੍ਰਿੰਸੀਪਲ ਡਾ. ਇਕਬਾਲ ਕੌਰ ਨੇ ਧੰਨਵਾਦ ਦੇ ਸ਼ਬਦ ਕਹੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਖੋਜ ਅਫ਼ਸਰ ਸੰਦੀਪ ਵਲੋਂ ਦੱਸਿਆ ਗਿਆ ਕਿ ਖ਼ਾਲਸਾ ਕਾਲਜ ਫ਼ਾਰ ਵੂਮੈਨ ਦੇ ਕਾਲਜ ਆਡੀਟੋਰੀਅਮ ਵਿਖੇ ਕਰਵਾਏ ਜਾਣ ਵਾਲੇ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਉੱਘੇ ਵਿਦਵਾਨ ਅਤੇ ਸ਼੍ਰੋਮਣੀ ਕਵੀ ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ, ਪੰਜਾਬੀ ਲੋਕ ਵਿਰਾਸਤ

## ■ 15 ਉੱਘੇ ਕਵੀਆਂ ਨੇ ਲਗਵਾਈ ਹਾਜ਼ਰੀ

ਅਕੈਡਮੀ ਲੁਧਿਆਣਾ ਨੇ ਕੀਤੀ। ਉਹਨਾਂ ਪ੍ਰਧਾਨਗੀ ਭਾਸ਼ਨ ਵਿੱਚ ਭਾਸ਼ਾ ਵਿਭਾਗ ਅਤੇ ਕਾਲਜ ਪ੍ਰਸ਼ਾਸ਼ਨ ਨੂੰ ਇਸ ਸਮਾਗਮ ਦੀ ਵਧਾਈ ਦਿੱਤੀ ਅਤੇ ਇਹ ਸੁਨੇਹਾ ਵੀ ਦਿੱਤਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਗਮਾਂ ਦੀ ਲਗਾਤਾਰਤਾ ਬਣਾਈ ਜਾਵੇ। ਉਨ੍ਹਾ ਭਾਸ਼ਾ ਵਿਭਾਗ ਦੇ ਮਾਣ ਮੱਤੇ ਇਤਿਹਾਸ ਦਾ ਜ਼ਿਕਰ ਕਰਦਿਆ ਕਿਹਾ ਕਿ ਮੁੱਲਵਾਨ ਪ੍ਰਕਾਸ਼ਨਾਵਾ ਦੇ ਪ੍ਰਕਾਸ਼ਨ ਲਈ ਸਾਰੀ ਟੀਮ ਰਲ ਕੇ ਸੰਪਾਦਨ ਹੰਭਲਾ ਮਾਰੇ ਤਾ ਜੋ ਵਡਮੁੱਲੇ ਗਿਆਨ ਗਰੰਥ ਆਮ ਪਾਠਕਾ ਤੱਕ ਜਲਦੀ ਪਹੁੰਚ ਸਕਣ।

ਜ਼ਿਲ੍ਹਾ ਭਾਸ਼ਾ ਅਫ਼ਸਰ ਡਾ? ਸੰਦੀਪ ਸ਼ਰਮਾ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਹਿਤ ਦੀਆਂ ਵੱਡੀਆਂ ਸਖ਼ਸ਼ੀਅਤਾਂ ਦੀ ਹਾਜ਼ਰੀ ਨਾਲ? ਇਸ ਸਮਾਗਮ ਦਾ ਮਹੱਤਵ ਵੀ ਵੱਡਾ ਹੋ ਗਿਆ ਹੈ। ਕਵੀ ਅਤੇ ਚਿੱਤਰਕਾਰ ਸਵਰਨਜੀਤ ਸਵੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੀਆਂ ਨਜ਼ਮਾਂ ਵੀ ਸਾਂਝਿਆਂ ਕੀਤੀਆਂ।

ਇਸ ਕਵੀ ਦਰਬਾਰ ਵਿੱਚ ਪੰਜਾਬ ਦੇ ਵੱਖ-ਵੱਖ ਖਿੱਤਿਆਂ ਤੋਂ ਉੱਘੇ ਕਵੀ ਸਵਰਨਜੀਤ ਸਵੀ, ਗੁਰਭਜਨ ਗਿੱਲ, ਗੁਰਪ੍ਰੀਤ ਮਾਨਸਾ, ਤ੍ਰੈਲੋਚਨ ਲੋਚੀ, ਤਰਸੇਮ ਨੂਰ, ਮੁਕੇਸ਼ ਆਲਮ, ਮਨਜੀਤ ਪੁਰੀ ਫਰੀਦਕੋਟ, ਅਜੀਤਪਾਲ ਜਟਾਣਾ ਮੋਗਾ, ਮਨਦੀਪ ਔਲ?ਖ, ਜੁਗਿੰਦਰ ਨੂਰਮੀਤ, ਪ੍ਰਭਜੋਤ ਸੋਹੀ, ਰਾਜਦੀਪ ਤੂਰ, ਰਣਧੀਰ ਸੰਗਰੂਰ ਅਤੇ ਕਰਮਜੀਤ ਗਰੇਵਾਲ ਨੇ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪੰਜਾਬੀ ਵਿਭਾਗ ਦੀ ਮੁਖੀ ਡਾ. ਨਰਿੰਦਰਜੀਤ ਕੌਰ ਅਤੇ ਸ਼ਾਇਰ ਮਨਜੀਤ ਪੁਰੀ ਨੇ ਨਿਭਾਈ। ਜ਼ਿਲ੍ਹਾ ਭਾਸ਼ਾ ਅਫ਼ਸਰ, ਫ਼?ਰੋਜ਼ਪੁਰ ਡਾ.ਜਗਦੀਪ ਸਿੰਘ ਸੰਧੂ, ਡਾ. ਜਗਵਿੰਦਰ ਜੋਧਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਡਾਇਰੈਕਟਰ ਖ਼ਾਲਸਾ ਕਾਲਜ ਫਾਰ ਵਿਮੈੱਨ ਡਾ. ਮੁਕਤੀ ਗਿੱਲ, ਪ੍ਰੈਸ ਦੇ ਨੁਮਾਇੰਦੇ, ਕਾਲਜ ਸਟਾਫ਼ ਅਤੇ ਵਿਦਿਆਰਥੀ ਵੀ ਹਾਜ਼ਰ ਰਹੇ। ਕਾਲਜ ਪ੍ਰਿੰਸੀਪਲ ਡਾ.ਇਕਬਾਲ ਕੌਰ ਨੇ ਅੰਤ ਵਿੱਚ ਹਾਜ਼ਰ ਸਰੋਤਿਆਂ ਦਾ ਸਮਾਗਮ ਵਿੱਚ ਸ਼ਮੂਲੀਅਤ ਲਈ ਧੰਨਵਾਦ ਕੀਤਾ।

# ਡਿਪਸ ਇੰਟਰ ਹਾਊਸ ਖੋ-ਖੋ ਮੁਕਾਬਲਿਆਂ ਵਿੱਚ ਲੜਕਿਆਂ ਦੇ ਬਲੂ ਹਾਊਸ ਅਤੇ ਲੜਕੀਆਂ ਦੇ ਰੈੱਡ ਹਾਊਸ ਨੇ ਜਿੱਤ ਹਾਸਲ ਕੀਤੀ



**• ਜਲੰਧਰ**

ਡਿਪਸ ਸਕੂਲ ਬੁਤਾਲਾ ਵਿਖੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਸਰੀਰਕ ਸਮਰੱਥਾ ਨੂੰ ਨਿਖਾਰਨ ਲਈ ਅੰਤਰ ਹਾਊਸ ਖੋ-ਖੋ ਮੁਕਾਬਲੇ ਕਰਵਾਏ ਗਏ। ਰੈੱਡ, ਬਲੂ, ਯੈਲੋ ਅਤੇ ਗਰੀਨ ਹਾਊਸ ਵਿੱਚ ਲੜਕੇ ਅਤੇ ਲੜਕੀਆਂ ਦੇ ਮੈਚ ਕਰਵਾਏ ਗਏ। ਇਸ ਦੌਰਾਨ ਸਾਰੇ ਬੱਚਿਆਂ ਨੇ ਆਪਣੀ ਸਪੋਰਟਸ ਮੈਨ ਸਪਿਰਟ ਦਿਖਾਉਂਦੇ ਹੋਏ ਬਹੁਤ ਹੀ ਵਧੀਆ ਮੈਚ ਖੇਡਿਆ।

ਲੜਕਿਆਂ ਦੇ ਵਰਗ ਵਿੱਚ ਬਲੂ ਹਾਊਸ ਪਹਿਲੇ, ਰੈੱਡ ਹਾਊਸ ਦੂਜੇ, ਗਰੀਨ ਹਾਊਸ ਤੀਜੇ ਸਥਾਨ ’ਤੇ ਰਿਹਾ। ਇਸ ਦੇ ਨਾਲ ਹੀ 12 ਜਮਾਤ ਦੇ ਸਨਵੀਰ ਸਿੰਘ, ਅੱਠਵੀਂ ਜਮਾਤ ਦੇ ਗੁਰਵਿੰਦਰ ਸਿੰਘ, ਦਸਵੀਂ ਜਮਾਤ ਦੇ ਅਨਮੋਲਪ੍ਰੀਤ ਸਿੰਘ ਨੇ ਸਰਵੋਤਮ ਖਿਡਾਰੀ ਦਾ ਖਿਤਾਬ ਜਿੱਤਿਆ, ਲੜਕੀਆਂ ਦੇ ਵਰਗ ਵਿੱਚ ਰੈੱਡ ਹਾਊਸ ਪਹਿਲੇ, ਯੈਲੋ ਹਾਊਸ ਦੂਜੇ, ਬਲੂ ਹਾਊਸ ਤੀਜੇ ਸਥਾਨ ’ਤੇ ਰਿਹਾ। 11ਵੀਂ ਵਿੱਚੋਂ ਅਨੁਰੀਤ ਕੌਰ, 10ਵੀਂ ਵਿੱਚੋਂ ਨਵਦੀਪ ਕੌਰ, ਪ੍ਰਭਜੋਤ ਕੌਰ ਨੇ ਸਰਵੋਤਮ ਖਿਡਾਰਨ ਦਾ ਖਿਤਾਬ ਜਿੱਤਿਆ।

ਪਿੰਸੀਪਲ ਅਸ਼ੀਸ਼ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਅਤੇ ਖੇਡਾਂ ਪ੍ਰਤੀ ਆਪਣੀ ਭਾਵਨਾ ਇਸੇ ਤਰ੍ਹਾਂ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ, ਉਨ੍ਹਾਂ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਬਹੁਤ ਅਹਿਮ ਹਿੱਸਾ ਹਨ, ਇਸ ਲਈ ਸਾਨੂੰ ਪੜ੍ਹਾਈ ਦੇ ਨਾਲ-ਨਾਲ ਇਨ੍ਹਾਂ ਨੂੰ ਪੂਰਾ ਸਮਾਂ ਦੇਣਾ ਚਾਹੀਦਾ ਹੈ।

# ਮਗਨਰੇਗਾ ਤਹਿਤ ਚੱਲ ਰਹੇ ਕੰਮਾਂ ਵਿੱਚ ਲਿਆਂਦੀ ਜਾਵੇ ਪਾਰਦਰਸ਼ਤਾ : ਡਿਪਟੀ ਕਮਿਸ਼ਨਰ



## ■ ਕਿਹਾ, ਕਾਮਿਆਂ ਸਬੰਧੀ ਪਿੰਡ ਵਾਸੀਆਂ ਨੂੰ ਜਨਤਕ ਥਾਵਾਂ ਅਤੇ ਵਟਸਅੱਪ ਰਾਹੀਂ ਮੁਹੱਈਆ ਕਰਵਾਈ ਜਾਵੇ ਜਾਣਕਾਰੀ

**• ਸ਼ਹੀਦ ਭਗਤ ਸਿੰਘ ਨਗਰ**

ਮਹਾਤਮਾਂ ਗਾਂਧੀ ਕੌਮੀ ਦਿਹਾਤੀ ਰੋਜ਼ਗਾਰ ਗਾਰੰਟੀ ਐਕਟ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਕਰਦੇ ਹੋਏ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਐਕਟ ਦੇ ਤਹਿਤ 100 ਦਿਨ ਦੇ ਰੋਜ਼ਗਾਰ ਨੂੰ ਯਕੀਨੀ ਬਣਾਇਆ ਜਾਵੇ ਅਤੇ ਪਿੰਡ ਦੇ ਵਿਚ ਹਰ ਇਕ ਯੋਗ ਵਿਅਕਤੀ ਨੂੰ ਇਸ ਵਿੱਚ ਸ਼ਾਮਿਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਹੋਣ ਵਾਲੇ ਅਤੇ ਇਸ ਵਿੱਚ ਹਿੱਸਾ ਲੈਣ ਵਾਲੇ ਸਾਰੇ ਕਾਮਿਆਂ ਸਬੰਧੀ ਪਿੰਡ ਵਿੱਚ ਸਾਰਿਆਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਸਬੰਧੀ ਸਾਰੀ ਜਾਣਕਾਰੀ ਨੋਟਿਸ ਬੋਰਡ ਅਤੇ ਪਿੰਡ ਦੇ ਜਨਤਕ ਥਾਵਾਂ ‘ਤੇ ਲਗਾਈ ਜਾਵੇ, ਤਾਂ ਜੋ ਪਿੰਡ ਦੇ ਹਰ ਵਿਅਕਤੀ ਨੂੰ ਇਹ ਜਾਣਕਾਰੀ ਹੋਵੇ ਕਿ ਕਿੰਨੇ ਵਿਅਕਤੀ ਪਿੰਡ ਦੇ ਵਿੱਚ ਮਗਨਰੇਗਾ ਤਹਿਤ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦਾ ਇਕ ਵਟਸਅੱਪ ਗਰੁੱਪ ਬਣਾ ਕੇ ਵੀ ਇਸ ਸਬੰਧੀ ਜਾਣਕਾਰੀ ਸਾਰਿਆਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ, ਤਾਂ ਜੋ ਕਿਸੇ ਨੂੰ ਕੋਈ ਇਤਰਾਜ਼ ਨਾ ਹੋਵੇ। ਉਨ੍ਹਾਂ ਕਿਹਾ ਕਿ ਇਸ ਐਕਟ ਦੇ ਤਹਿਤ ਜੇਕਰ ਕੋਈ ਵਿਅਕਤੀ ਆਪਣ ਜਗ?ਹਾਂ ਤੋਂ ਕਿਤੇ ਦੂਰ ਜਾ ਕੇ ਕੰਮ ਕਰਦਾ ਹੈ ਤਾਂ ਨਿਯਮਾਂ ਅਨੁਸਾਰ ਉਸ ਕਾਮੇ ਨੂੰ ਕਿਰਾਇਆ ਵੀ ਆਉਣ ਜਾਣ ਲਈ ਦਿੱਤਾ ਜਾਂਦਾ ਹੈ, ਜੋ ਕਿ ਸਬੰਧਤ ਕਾਮੇ ਦੇ ਖਾਤੇ ਵਿੱਚ ਸਿੱਧੇ ਤੌਰ ‘ਤੇ ਆ ਜਾਂਦਾ ਹੈ। ਇਸ ਦੌਰਾਨ ਉਨ੍ਹਾਂ ਨੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਨੁਮਾਇੰਦਿਆਂ ਵਲੋਂ ਮਗਨਰੇਗਾ ਸਕੀਮ ਤਹਿਤ ਪਿੰਡਾਂ ਵਿੱਚ ਚੱਲ ਰਹੇ ਕੰਮਾਂ ਦੇ ਵਿੱਚ ਹੋਰ ਪਾਰਦਰਸ਼ਤਾ ਲਿਆਉਣ ਸਬੰਧੀ ਆਪਣੇ ਵਿਚਾਰ ਰੱਖੇ ਅਤੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਇਸ ਸਬੰਧੀ ਸਮੱਸਿਆਵਾਂ ਤੋਂ ਜਾਣੂ ਵੀ ਕਰਵਾਇਆ। ਸਮੱਸਿਆਵਾਂ ਸੁਣਨ ਉਪਰੰਤ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਉਹ ਖੁੱਦ ਜਾ ਕੇ ਸਮੇਂ-ਸਮੇਂ ‘ਤੇ ਫੀਲਡ ਵਿੱਚ ਵਿਜ਼ਟ ਕਰਦੇ ਰਹਿਣ ਅਤੇ ਮੌਕੇ ‘ਤੇ ਜੋ ਵੀ ਉਨ੍ਹਾਂ ਦੇ ਧਿਆਨ ਵਿੱਚ ਸਮੱਸਿਆਵਾਂ ਆਉਂਦੀਆਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾਵੇ। ਇਸ ਮੌਕੇ ‘ਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਵਿੰਦਰ ਕੁਮਾਰ ਲੋਕਪਾਲ ਮਗਨਰੇਗਾ ਜਗਦੀਸ਼ ਸਿੰਘ, ਏ.ਪੀ.ਓ ਸਰਬਜੀਤ ਸਿੰਘ, ਬਲਾਕ ਨਵਾਂਸ਼ਹਿਰ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਸਨਾਵਾ ਤੋਂ ਇਲਾਵਾ ਬੀ.ਡੀ.ਪੀ.ਓਜ਼ ਅਤੇ ਕਰਮਚਾਰੀ ਵੀ ਮੌਜੂਦ ਸਨ।

# ਵਿਸ਼ਵ ਆਬਾਦੀ ਦਿਵਸ ਸਬੰਧੀ ਪਖਵਾੜੇ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਨੇ ਵਧੀਆ ਕਾਰਗੁਜਾਰੀ ਦਿਖਾਈ

**•ਗੁਰਦਾਸਪੁਰ-ਨਵਨੀਤ ਕੁਮਾਰ**

ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ ਦੀ ਅਗੁਵਾਈ ਹੇਠ ਵਿਸ਼ਵ ਆਬਾਦੀ ਦਿਵਸ ਸਬੰਧੀ ਪਖਵਾੜੇ ਵਿਚ ਜ਼ਿਲ੍ਹਾ ਗੁਰਦਾਸਪੁਰ ਨੇ ਵਧੀਆ ਕਾਰਗੁਜਾਰੀ ਕੀਤੀ ਹੈ। ਇਸ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਨੇ ਦੱਸਿਆ ਕਿ 11 ਤੋਂ 24 ਜੁਲਾਈ 2023 ਤੱਕ ਵਿਸ਼ਵ ਆਬਾਦੀ ਦਿਵਸ ਦੇ ਪਖਵਾੜੇ ਦੌਰਾਨ ਜ਼ਿਲ੍ਹੇ ਦੀਆਂ 5 ਸਿਹਤ ਸੰਸਥਾਵਾਂ ਵਿਚ ਨਲਬੰਦੀ ਜਦਕਿ 4 ਸੰਸਥਾਵਾਂ ਵਿਚ ਨਸਬੰਦੀ ਕੇਸਾਂ ਦੀ ਸਹੂਲਤ ਮੁਹੱਈਆ ਕਰਵਾਈ ਗਈ ਸੀ। ਪਖਵਾੜੇ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਇਸ ਸਾਲ ਨਲਬੰਦੀ ਦੇ 186, ਨਸਬੰਦੀ ਦੇ 11, ਕਾਪਰ ਟੀ ਦੇ 519, ਜਣੇਪੇ ਤੋਂ ਬਾਅਦ ਕਾਪਰ ਟੀ ਦੇ 60 ਕੇਸ ਹੋਏ ਹਨ। 64 ਔਰਤਾਂ ਨੂੰ ਡੈਂਪਾ ਇੰਜੈਕਸ਼ਨ ਲਗਾਇਆ।



ਇਸਤੋਂ ਇਲਾਵਾ ਲਾਭਪਾਤਰੀਆਂ ਨੂੰ 33559 ਕੰਡੋਮ ਵੰਡੇ ਗਏ। 1045 ਔਰਤਾਂ ਨੂੰ ਮਾਲਾ ਐਨ, 514 ਔਰਤਾਂ ਨੂੰ ਛਾਇਆ ਗੋਲੀ, 485 ਔਰਤਾਂ ਨੂੰ ਐਮਰਜੇਂਸੀ ਕਾਂਟਰਾਸੈਪਟਿਵ ਟੈਬਲੇਟ ਦਿੱਤੀ ਗਈ। ਸਿਵਲ ਸਰਜਨ ਡਾ. ਹਰਭਜਨ ਮਾਂਡੀ ਨੇ ਦੱਸਿਆ ਕਿ ਬੀਤੇ ਸਾਲ 2022ਵਿਚ ਨਲਬੰਦੀ ਦੇ 94, ਨਸਬੰਦੀ ਦੇ 9, ਕਾਪਰਟੀ ਦੇ 340,ਜਣੇਪੇ ਤੋ ਬਾਦ ਕਾਪਰ ਟੀ ਦੇ 49 ਕੇਸ ਹੋਏ ਸਨ। ਉਨ੍ਹਾਂ ਦੱਸਿਆ ਕਿ 15 ਔਰਤਾਂ ਨੂੰ ਡੈਂਪਾ ਇੰਜੈਕਸ਼ਨ ਲੱਗੇ ਸਨ, 7049 ਲਾਭਪਾਤਰੀਆਂ ਨੂੰ ਕੰਡੋਮ, 540 ਔਰਤਾਂ ਨੂੰ ਮਾਲਾ ਐਨ, 292 ਔਰਤਾਂ ਨੂੰ ਛਾਇਆ ਗੋਲੀ, 174 ਔਰਤਾਂ ਨੂੰ ਈ.ਸੀ.ਪੀ. ਦਿੱਤੀ ਗਈ। ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ ਨੇ ਕਿਹਾ ਕਿ ਬੀਤੇ ਸਾਲ ਨਾਲੋਂ ਇਸ ਸਾਲ ਪਰਿਵਾਰ ਨਿਯੋਜਨ ਵਿਚ ਵਧੀਆ ਕਾਰਗੁਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਨਿਯੋਜਨ ਸਮੇਂ ਦੀ ਜਰੂਰਤ ਹੈ। ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਰਿਵਾਰ ਨਿਯੋਜਨ ਨੂੰ ਅਪਨਾਉਣ।

# ਵੱਖ-ਵੱਖ ਨਿੱਜੀ ਸਕੂਲਾਂ ਵਿੱਚ ਅਧਿਆਪਕਾਂ ਦੀ ਨੌਕਰੀ ਲਈ ਇੰਟਰਵਿਊ 28 ਜੁਲਾਈ ਨੂੰ


**• ਗੁਰਦਾਸਪੁਰ-ਨਵਨੀਤ ਕੁਮਾਰ**



ਪੰਜਾਬ ਸਰਕਾਟ ਵੱਲੋਂ ਹਦਾਇਤਾਂ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿੱਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ਼?ਰੀ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਮਿਤੀ 28 ਜੁਲਾਈ 2023 ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਟੀ.ਸੀ. ਇੰਟਰਨੈਸ਼ਨਲ ਸਕੂਲ, ਗੁਰੂ ਨਾਨਕ ਪਬਲਿਕ ਸਕੂਲ, ਜੀਵਨ ਜੋਤੀ ਪਬਲਿਕ ਸਕੂਲ, ਸ਼ਬਦ ਪ੍ਰਕਾਸ਼ ਅਕੈਡਮੀ, ਸੈਨਟ ਸੋਲਜ਼ਰ ਡਿਵਾਇਨ ਪਬਲਿਕ ਸਕੂਲ, ਸ਼?ਰੀ ਗੁਰੂ ਨਾਨਕ ਦੇਵ ਅਕੈਡਮੀ ਕੰਡਿਆਲ ਅਤੇ ਯੋਗੀ ਰਾਜ ਬਾਵਾ ਲਾਲ ਜੀ ਮੈਮੋਰੀਅਲ ਸਕੂਲਾਂ ਵੱਲੋਂ ਅਧਿਆਪਕਾਂ ਦੀਆਂ ਅਸਾਮੀਆਂ ਲਈ ਲੜਕੇ ਅਤੇ ਲੜਕੀਆਂ ਦੀ ਚੋਣ ਕੀਤੀ ਜਾਵੇਗੀ। ਜ਼ਿਲ੍ਹਾ ਰੋਜ਼ਗਾਰ ਅਫ਼ਸ਼ਰ ਨੇ ਦੱਸਿਆ ਕਿ ਇਨ੍ਹਾਂ ਅਸਾਮੀਆਂ ਲਈ ਯੋਗਤਾ ਬੀ.ਏ, ਬੀ.ਐੱਡ , ਐੱਮ.ਐੱਸ.ਸੀ. ਅਤੇ ਬੀ.ਕਾਮ. ਹੋਣੀ ਲਾਜ਼ਮੀ ਹੈ ਅਤੇ ਇੰਟਰਵਿਊ ਦੇਣ ਲਈ ਉਮਰ ਦੀ ਹੱਦ 21-40 ਸਾਲ ਹੈ। ਇੰਟਰਵਿਊ ਦੌਰਾਨ ਚੁਣੇ ਗਏ ਪ੍ਰਾਰਥੀਆਂ ਨੂੰ ਨਿਯਮਾਂ ਅਨੁਸਾਰ ਤਨਖ਼ਾਹ ਮਿਲਣ ਯੋਗ ਹੋਵੇਗੀ। ਜ਼ਿਲ੍ਹਾ ਰੋਜ਼ਗਾਰ ਅਫਸਰ ਸ਼?ਰੀ ਪਰਸ਼ੋਤਮ ਸਿੰਘ ਨੇ ਕਿਹਾ ਕਿ ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਮਿਤੀ 28 ਜੁਲਾਈ 2023 ਨੂੰ ਆਪਣੇ ਅਸਲ ਦਸਤਾਵੇਜ ਦੀਆਂ ਕਾਪੀਆਂ, ਰੀਜ਼ੂਮ (ਸੀ.ਵੀ) ਅਤੇ 2 ਫੋਟੋਆਂ ਸਮੇਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ, ਬਲਾਕ-ਬੀ, ਕਮਰਾ ਨੰਬਰ 217, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸਵੇਰੇ 9:00 ਵਜੇ ਤੱਕ ਪਹੁੰਚਣ ਅਤੇ ਇਸਦਾ ਵੱਧ ਤੋਂ ਵੱਧ ਲਾਭ ਉਠਾਉਣ।

# ਤੇਰਾ ਕਿਉਂ ਨਹੀਂ ਜੀਅ ਲੱਗਾ, ਮੇਰੇ ਸ਼ਹਿਰ ਸੱਜਣਾਂ ਵੇ।

ਜ਼ਰਾ ਰੁੱਕ ਜਾ ਘੜੀ ਕੁ ਨਾ, ਕਰ ਕਹਿਰ ਸੱਜਣਾਂ ਵੇ।
ਲੱਖਾਂ ਨੇ ਬਹਾਰਾਂ ਇੱਥੇ,ਹੋਰ ਕੀ ਤੂੰ ਚਾਹੁਨਾਂ ਵੇ।
ਅੰਬਰਾਂ ਦੇ ਤਾਰੇ ਤੇਰੀ ਝੋਲੀ ਵਿੱਚ ਪਾਉਨਾਂ ਵੇ।
ਜ਼ਿੰਦਗੀ ਬਣਾ ਨਾ ਮੇਰੀ, ਜ਼ਹਿਰ ਸੱਜਣਾਂ ਵੇ।
ਤੇਰਾ ਕਿਉਂ ਨਹੀਂ ਜੀਅ ਲੱਗਾ.................।
ਖ਼ੁਸ਼ੀਆਂ ਮੈਂ ਚੁਣ ਚੁਣ,ਝੋਲੀ ਤੇਰੀ ਪਾਵਾਂ ਵੇ।
ਤੂੰ ਹੀ ਦੱਸ ਕਿਹੜੇ ਤੈਨੂੰ, ਲਾਡ ਮੈਂ ਲਡਾਵਾਂ ਵੇ।
ਕਾਹਲੀ ਨਾ ਤੂੰ ਕਰ,ਦੋ ਪਲ ਠਹਿਰ ਸੱਜਣਾਂ ਵੇ।
ਤੇਰਾ ਕਿਉਂ ਨਹੀਂ ਜੀਅ ਲੱਗਾ..................।
ਰੱਖੀਂ ਨਾ ਕੋਈ ਦਿੱਲ ਵਿੱਚ,
ਤੈਨੂੰ ਸੰਹੁ ਹੈ ਪਿਆਰਾਂ ਦੀ।
ਜ਼ਿੰਦਗੀ ਮੈਂ ਦਾਅ ’ਤੇ ਲਾਈ,
ਕੋਈ ਖੇਡ ਨਾ ਗਵਾਰਾਂ ਦੀ।
ਮੈਨੂੰ ਸਮਝ ਨਾ ਆਵੇ,
ਤੇਰੀ ਲਹਿਰ ਸੱਜਣਾਂ ਵੇ।
ਤੇਰਾ ਕਿਉਂ ਨਹੀਂ ਜੀਅ ਲੱਗਾ.................।
ਤੇਰਾ ਕਿਉਂ ਨਹੀਂ ਦਿਲ ਲੱਗਾ,
ਮੇਰੇ ਸ਼ਹਿਰ ਸੱਜਣਾਂ ਵੇ।



**ਅਮਰਜੀਤ ਥਾਪਾ,**
51/2 ਮਾਡਲ ਟਾਊਨ ਦੀਨਾਨਗਰ।
(ਜ਼ਿਲ੍ਹਾ ਗੁਰਦਾਸਪੁਰ)
9855225574

Website : www.lokbani.com
lokbani08@gmail.com

# ਮੋਦੀ ਸਰਕਾਰ ਦਾ ਡਾਕਖਾਨਾ ਚੌਕ ਵਿੱਚ ਪੁਤਲਾ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ

## ਮਨੀਪੁਰ ਔਰਤਾਂ ਦੇ ਨਗਨ ਪਰੇਡ ਤੇ ਬਲਾਤਕਾਰ ਦੀ ਘਿਨਾਉਣੀ ਘਟਨਾ ਖ਼ਲਾਫ਼ ਨਿੱਤਰੀਆਂ ਕਿਸਾਨ ਮਜ਼ਦੂਰ ਮੁਲਾਜ਼ਮ ਜਥੇਬੰਦੀਆਂ

• ਗੁਰਦਾਸਪੁਰ-ਨਵਨੀਤ ਕੁਮਾਰ



ਮਨੀਪੁਰ ਅੰਦਰ ਔਰਤਾਂ ਨੂੰ ਨਿਰਵਸਤਰ ਕਰਨ ਤੇ ਬਲਾਤਕਾਰ ਕਰਨ ਦੀ ਘਟਨਾ ਦੇ ਵਿਰੋਧ ਵਿਚ ਕਿਰਤੀ ਕਿਸਾਨ ਯੂਨੀਅਨ, ਇਫਟੂ, ਇਸਤਰੀ ਜਾਗ੍ਰਿਤੀ ਮੰਚ, ਪੇਂਡੂ ਮਜ਼ਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਜਮਹੂਰੀ ਅਧਿਕਾਰ ਸਭਾ ਨਹਿਰੂ ਪਾਰਕ ਗੁਰਦਾਸਪੁਰ ਵਿਖੇ ਰੋਸ ਰੈਲੀ ਕਰਨ ਉਪਰੰਤ ਡਾਕਖਾਨਾ ਚੌਂਕ ਵਿੱਚ ਪੁਤਲਾ ਫੂਕਿਆ ਗਿਆ ਮੁਜ਼ਾਹਰਾਕਾਰੀਆ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਆਸ਼ਾ ਵਰਕਰ ਯੂਨੀਅਨ, ਡੀ ਐੱਮ ਐੱਫ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਇਫਟੂ ਜਮਹੂਰੀ ਅਧਿਕਾਰ ਸਭਾ ਦੇ ਸਤਬੀਰ ਸਿੰਘ ਸੁਲਤਾਨੀ, ਰਾਜ ਕੁਮਾਰ ਪੰਡੋਰੀ, ਸੁਖਦੇਵ ਰਾਜ ਬਹਿਰਾਮਪੁਰ, ਜੋਗਿੰਦਰਪਾਲ ਘੁਰਾਲਾ, ਅਮਰ ਕ੍ਰਾਂਤੀ, ਮਾਸਟਰ ਅਮਰਜੀਤ ਸ਼ਾਸ਼ਤਰੀ ਨੇ ਕਿਹਾ ਕੇ ਮਨੀਪੁਰ ਵਿੱਚ ਭਾਜਪਾ ਦੀ ਸਰਕਾਰ ਮਾਰਚ ਵਿੱਚ ਸਥਾਪਤ ਹੋਈ ਅਤੇ 3 ਮਈ ਤੋਂ ਦੋ ਕਬੀਲਿਆਂ ਅੰਦਰ ਸ਼ੁਰੂ ਹੋਈਆਂ ਮਨੀਪੁਰ ਦੀਆਂ ਹਿੰਸਾਂ ਦੀ ਘਟਨਾਵਾਂ ਨੇ ਮਨੀਪੁਰ ਦੇ ਸਮਾਜ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ। ਭਾਰਤ ਦਾ ਗ੍ਰਹਿ ਮੰਤਰੀ ਨੇ ਵੀ ਇਸ ਸੂਬੇ ਦਾ ਦੌਰਾ ਕੀਤਾ ਪਰ ਹਿੰਸਾ ਬੇਰੋਕ ਟੋਕ ਜਾਰੀ ਹੈ। ਪ੍ਰਧਾਨ ਮੰਤਰੀ ਨੇ ਸਾਜਸੀ ਚੁੱਪੀ ਧਾਰੀ ਰੱਖੀ ਹੈ ਤੇ ਉਦੋਂ ਚੁੱਪ ਟੁਟੀ ਹੈ ਜਦ ਸਚਾਈ ਜਗ ਜਾਹਿਰ ਹੋ ਗਈ , ਸੁਪਰੀਮ ਕੋਰਟ ਨੇ ਸ਼ਖਤ ਨੋਟਿਸ ਲਿਆ ਅਤੇ ਪਾਰਲੀਮੈਂਟ ਵਿਚ ਜਵਾਬ ਦੇਹੀ ਸਾਹਮਣੇ ਸੀ । ਸੂਬੇ ਅੰਦਰ ਇਟਰਨੈਟ ਸੇਵਾਵਾਂ ਦੋ ਮਹੀਨਿਆਂ ਤੋ ਬੰਦ ਪਈਆਂ ਰਹੀਆਂ ਹਨ, ਹੁਣ ਗੁਹਾਟੀ ਹਾਈਕੋਰਟ ਦੇ ਹੁਕਮ ਨਾਲ ਸੀਮਤ ਇਟਰਨੈਟ ਚਾਲੂ ਹੋਣ ਤੋਂ ਤੁਰੰਤ ਬਾਅਦ ਇਹ ਵੀਡੀਓ ਸਾਹਮਣੇ ਆਈ ਹੈ ਭਾਵ ਦੋ ਮਹੀਨਿਆਂ ਅੰਦਰ ਮਨੀਪੁਰ ਦੇ ਲੋਕਾਂ ਦੇ ਦਰਦ ਦੀ ਕਹਾਣੀ ਜਰੂਰ ਗਹਿਰੀ ਹੋਵੇਗੀ। ਇਹ ਵੀ ਅਜੀਬ ਹੈ ਕਿ ਝੂਠੀਆਂ ਖਬਰਾਂ ਬੇ ਰੋਕ ਟੋਕ ਚਲਦੀਆਂ ਰਹੀਆਂ। ਜਿਸ ਨੂੰ ਲੋਕਾਂ ਸਾਮਹਮਣੇ ਆਉਣ ਤੋਂ ਰੋਕਣ ਲਈ ਇਸਤਰੀ ਕਾਰਕੁਨਾ ਦੀ ਤੱਥ ਖੋਜ ਟੀਮ ਉਪਰ ਵੀ ਦੇਸ਼ ਧਰੋਹ ਦੇ ਕੇਸ ਦਰਜ ਕੀਤੇ ਗਏ ਹਨ। 4 ਮਈ ਦੀ ਘਟਨਾ ਤੋ ਬਾਅਦ 17 ਮਈ ਦੀ ਪੁਲਸ ਰਿਪੋਰਟ ਦਰਜ ਹੋਣ ਦੇ ਬਾਵਜੂਦ ਕਿਸੇ ਕਾਰਵਾਈ ਦਾ ਨਾ ਹੋਣਾ ਸਰਕਾਰ ਦੀ ਮਿਲੀ ਭੁਗਤ ਵੱਲ ਤਿੱਖਾ ਇਸ਼ਾਰਾ ਹੈ ਜਿਸ ਬਾਰੇ ਹੁਣ ਮੁਖ ਮੰਤਰ ਕਹਿ ਰਿਹਾ ਹੈ ਕਿ ਇੱਕ ਮੁਲਜ਼ਮ ਨੂੰ ਵੀਡੀਓ ਆਉਣ ਬਾਅਦ ਗ੍ਰਿਫਤਾਰ ਕਰ ਲਿਆ ਹੈ। ਇਹ ਹਿੰਸਾ ਮਾਰਚ ਵਿਚ ਨਵੀਂ ਸਰਕਾਰ ਦੇ ਸਥਾਪਤ ਹੋਣ ਦੇ ਤਰੁੰਤ ਬਾਅਦ ਸ਼ੂਰੁ ਹੋਈ ਤੇ ਬੇ ਰੋਕ ਟੋਕ ਚਲਦੀ ਆ ਰਹੀ ਹੈ। ਅਜਿਹੀ ਹੀ ਵਰਤਾਰਾ 2016 ਵਿੱਚ ਹਰਿਆਣੇ ਵਿੱਚ ਭਾਜਪਾ ਦੀ ਸਰਕਾਰ ਸਥਾਪਤ ਹੋਣ ਦੇ ਤਰੁੰਤ ਮਗਰੋਂ ਦੋ ਭਾਈਚਾਰਿਆ ਨੂੰ ਆਪਸ ਵਿੱਚ ਟਕਰਾਇਆ ਸੀ ਅਤੇ ਔਰਤਾਂ ਉਪਰ ਜਿਨਸੀ ਹਿੰਸਾ ਦੇ ਮਾਮਲੇ ਸਾਹਮਣੇ ਆਏ ਸਨ। ਅਜਿਹਾ ਪ੍ਰਗਟਾ 2002 ਦੇ ਗੁਜਰਾਤ ਕਤਲੇਆਮ ਵਿੱਚ ਵੀ ਸਾਹਮਣੇ ਆਇਆ ਜਿਸ ਦੇ ਦੋਸ਼ੀਆਂ ਨੂੰ ਭਾਜਪਾ ਸਰਕਾਰ ਨੇ ਮੁਆਫੀ ਦੇ ਕੇ ਰਿਹਾ ਕਰਨ ਬਾਅਦ ਹਾਰਾਂ ਨਾਲ ਸਵਾਗਤ ਕੀਤਾ ਅਤੇ ਚੋਣਾਂ ਅੰਦਰ ਦਾਖਲ ਕੀਤਾ। ਦੇਸ਼ ਅੰਦਰ ਔਰਤਾਂ ਉਪਰ ਜਬਰ ਦੀਆਂ ਨਿਤ ਵਾਪਰਦੀਆਂ ਘਟਨਾਵਾਂ ਵਿੱਚੋਂ ਹਾਥਰਸ, ਉਨਟਾਓ, ਕਠੂਆ, ਕੌਮਾਂਤਰੀ ਪਧਰ ਉੱਤੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਔਰਤ ਪਹਿਲਵਾਨਾਂ ਨਾਲ ਜਿਨਸੀ ਅਪਮਾਨਤ ਕਰਨ ਆਦਿ ਉਭਰਵੀਆਂ ਘਟਨਾਵਾਂ ਭਾਜਪਾ ਦੇ ਆਗੂਆ ਦੀ ਸਮੂਲੀਅਤ -ਸਰਪ੍ਰਸਤੀ ਵਿਚ ਜੱਗ ਜਾਹਰ ਹੈ ਜਿਹੜੀ ਔਰਤ ਅਤੇ ਦਲਿਤ ਵਿਰੋਧੀ ਮਨੂਸਿਮਰਤੀ ਵਿਚਾਰਾਂ ਦਾ ਪ੍ਰਗਟਾਵਾ ਹੈ । ਸਭਾ ਸਮਝਦੀ ਹੈ ਕਿ ਲੋਕਾਂ ਦੇ ਅਸਲ ਮੁਦਿਆਂ ਵੱਲ ਜਵਾਬ ਦੇਈ ਤੋਂ ਮੁਨਕਰ ਹੋਣ ਉਤੇ ਜਨਤਕ ਜਦੋਜਹਿਦਾਂ ਨੂੰ ਦਬਾਉਣ ਲਈ ਹਿੰਸਾਂ ਦਾ ਸ਼ਿਕਾਰ ਔਰਤਾਂ ਤੇ ਦਲਿਤਾਂ ਨੂੰ ਖਾਸ ਤੇ ਜਮਹੂਰੀ ਲਹਿਰ ਨੂੰ ਆਮ ਤੋਰ ਤੇ ਸ਼ਿਕਾਰ ਬਣਾਉਣਾ ਬਾਦਸਤੂਰ ਜਾਰੀ ਹੈ। ਜਿਸ ਵਰਤਰੇ ਦਾ ਵਿਰੋਧ ਕਰਨ ਲਈ ਇਹਨਾਂ ਨੀਤੀਆਂ ਬਾਰੇ ਜਮਹੂਰੀ ਪਸੰਦ ਲੋਕਾਂ ਅਤੇ ਜਥੇਬੰਦੀਆਂ ਨੂੰ ਸੁਚੇਤ ਅਤੇ ਇੱਕ ਮੁਠ ਹੋਕੇ ਵਿਰੋਧ ਜਥੇਬੰਦ ਕਰਨ ਦੀ ਲੋੜ ਹੈ ।ਇਸ ਮੌਕੇ ਮਨੀ ਭੱਟੀ, ਅਨੋਖ ਸਿੰਘ ਘੋੜੇਵਾਹ,ਮੈਡਮ ਬਲਵਿੰਦਰ ਕੌਰ ਰਾਵਲਪਿੰਡੀ, ਬਲਵਿੰਦਰ ਕੌਰ ਅਲੀਸ਼ੇਰ, ਅਮਰਜੀਤ ਮਨੀ, ਡਾ ਜਗਜੀਵਨ ਲਾਲ, ਆਦਿ ਹਾਜ਼ਰ ਹੋਏ ਹਨ।

# NYKAA ਅਤੇ NYKA ਫੈਸ਼ਨ ਦੀ ਹੌਟ ਪਿੰਕ ਸੇਲ 21 ਜੁਲਾਈ ਨੂੰ ਸ਼ੁਰੂ ਹੋਵੇਗੀ




• ਚੰਡੀਗੜ੍ਹ

ਇਸ ਸੀਜ਼ਨ ਦੀ ਉਦਾਸੀ ਨੂੰ ਘਟਾਉਣ ਲਈ ਗਰਮ ਹੋ ਰਹੀ ਹੈ, ਸਭ ਤੋਂ ਵੱਡੀ ਵਿਕਰੀ ਇੱਥੇ ਹੈ - ਇਸ ਸਾਲ ਵੱਡਾ ਅਤੇ ਵਧੀਆ! Nykaa ਦੀ ਹੌਟ ਪਿੰਕ ਸੇਲ 21 ਜੁਲਾਈ ਨੂੰ ਸ਼ੁਰੂ ਹੁੰਦੀ ਹੈ ਅਤੇ ਸੁੰਦਰਤਾ ਅਤੇ ਫੈਸ਼ਨ ਦੋਵਾਂ ਵਿੱਚ ਅਵਿਸ਼ਵਾਸ਼ਯੋਗ ਚੋਰੀਆਂ ਅਤੇ ਸੌਦਿਆਂ ਦੇ ਨਾਲ ਸਭ ਤੋਂ ਗਰਮ ਖਰੀਦਦਾਰੀ ਜਸ਼ਨ ਹੋਣ ਲਈ ਤਿਆਰ ਹੈ !2400+ ਬ੍ਰਾਂਡਾਂ ’ਤੇ 50% ਤੱਕ ਦੀ ਛੂਟ ਦਾ ਆਨੰਦ ਮਾਣੋ ਕਿਉਂਕਿ ਨਿਆਕਾ ਹੌਟ ਪਿੰਕ ਸੇਲ ਇਹ ਯਕੀਨੀ ਬਣਾਵੇਗੀ ਕਿ ਤੁਸੀਂ ਚੋਣ ਲਈ ਖਰਾਬ ਹੋ। ਉਡੀਕ ਕਰੋ, ਫੈਸ਼ਨ ਵੀ ਹੈ! 2600 ਤੋਂ ਵੱਧ ਬ੍ਰਾਂਡਾਂ, 6,00,000 ਤੋਂ ਵੱਧ ਹੈਂਡਪਿਕਡ ਸਟਾਈਲਾਂ, ਅਤੇ 80% ਤੱਕ ਦੀ ਛੂਟ ਦੀਆਂ ਸ਼੍ਰੇਣੀਆਂ ਵਿੱਚ ਅਟੱਲ ਡੀਲਜ਼ ਦੇ ਨਾਲ, ਹੌਟ ਪਿੰਕ ਸੇਲ ਦੇ ਤੀਜੇ ਸੰਸਕਰਨ ਲਈ ਵਾਪਸੀ ਕਰਨਾ ਹੈ ਆਪਣੇ ਘਰ ਨੂੰ ਉੱਚਾ ਕਰੋ: ਅਸੀਂ ਜਾਣਦੇ ਹਾਂ ਕਿ ਨਾ ਤਾਂ ਰੋਮ ਅਤੇ ਨਾ ਹੀ ਕੋਈ ਘਰ ਇੱਕ ਦਿਨ ਵਿੱਚ ਬਣਾਇਆ ਗਿਆ ਸੀ। ਵੈਂਡਰਚੇਫ, ਐਲੀਮੈਂਟਰੀ, ਸਰਲ ਹੋਮਜ਼, ਅਰਬਨ ਸਪੇਸ, ਚੁੰਬਕ ਅਤੇ ਟਵਿਗ ਐਂਡ ਟਵਿਨ ਅਤੇ ਹੋਰ 75% ਤੱਕ ਦੀ ਛੋਟ ਵਰਗੇ ਬ੍ਰਾਂਡਾਂ ਦੇ ਨਾਲ Nykaa ਫੈਸ਼ਨ ਦੇ ਕਿਉਰੇਸ਼ਨ ਤੁਹਾਡੇ ਸਾਰੇ ਸਜਾਵਟ ਸੁਪਨਿਆਂ ਨੂੰ ਸਾਕਾਰ ਕਰਨਗੇ।

**ਹੁਣੇ Nykaa ਅਤੇ Nykaa ਫੈਸ਼ਨ ਐਪਸ ਨੂੰ ਡਾਉਨਲੋਡ ਕਰੋ ਅਤੇ ਸੀਜ਼ਨ ਲਈ ਆਪਣੇ ਮਨਪਸੰਦ ਪਿਕਸ ਦੀ ਇੱਛਾ ਕਰੋ**

ਅੰਤ ਵਿੱਚ, ਅਸੀਂ ਤੁਹਾਨੂੰ ਇੱਕ ਛੋਟੇ ਜਿਹੇ ਗੁਪਤ ਬਾਰੇ ਦੱਸ ਰਹੇ ਹਾਂ, ਜੇਕਰ ਤੁਸੀਂ ਪ੍ਰਾਈਵੇਟ ਪਲੈਟੀਨਮ ਅਤੇ ਗੋਲਡ ਗਾਹਕ ਹੋ ਤਾਂ 20 ਜੁਲਾਈ ਨੂੰ ਜਲਦੀ ਪਹੁੰਚ ਪ੍ਰਾਪਤ ਕਰੋ। ਸਾਨੂੰ ਯਕੀਨ ਹੈ ਕਿ ਤੁਸੀਂ ਇਹਨਾਂ ਅਟੱਲ ਪੇਸ਼ਕਸ਼ਾਂ ਨੂੰ ਗੁਆਉਣਾ ਨਹੀਂ ਚਾਹੋਗੇ! ਇਸ ਲਈ, ਇੱਕ ਰੀਮਾਈਂਡਰ ਸੈਟ ਕਰੋ ਅਤੇ ਟਿਕ ਕੇ ਬੈਠੋ, 21 ਜੁਲਾਈ ਨੂੰ ਸ਼ਾਮ 4 ਵਜੇ ਤੱਕ ਇੰਤਜ਼ਾਰ ਕਰੋ, ਕਿਉਂਕਿ ਹੌਟ ਪਿੰਕ ਸੇਲ ਵਿੱਚ ਸਿਰਫ Nykaa ਅਤੇ Nykaa ਫੈਸ਼ਨ ’ਤੇ ਸਭ ਤੋਂ ਮਸ਼ਹੂਰ ਬ੍ਰਾਂਡਾਂ ’ਤੇ ਸਭ ਤੋਂ ਮਸ਼ਹੂਰ ਡੀਲ ਹਨ।

# ਸਚਾ ਧੰਨ ਗੁਰੂ ਘਰ ਮੁਹਾਲੀ ਵਿਖੇ ਸ਼ਬਦ ਲੰਗਰ ਲਗਾਇਆ



• ਲੁਧਿਆਣਾ

ਸਿੱਖ ਕੌਮ ਦੇ ਮਹਾਨ ਵਿਦਵਾਨ ਅਤੇ ਲਿਖਾਰੀ ਡਾਕਟਰ ਸਰੂਪ ਸਿੰਘ ਅਲੱਗ ਹੋਰਾਂ ਦੀ ਮਿਠੀ ਯਾਦ ਵਿੱਚ ਅਜ ਸਚਾ ਧੰਨ ਗੁਰੂ ਘਰ ਮੁਹਾਲੀ ਵਿਖੇ ਸ਼ਬਦ ਲੰਗਰ ਲਾਏ ਗਏ। ਡਾਕਟਰ ਸਰੂਪ ਸਿੰਘ ਅਲੱਗ ਦੀ ਯਾਦ ਵਿੱਚ ਸ਼ਬਦ ਲੰਗਰਾਂ ਦੀ ਇਹ 27ਵੀਂ ਲੜੀ ਸੀ। ਡਾ ਅਲੱਗ ਪਹਿਲੇ ਸਿੱਖ ਹੋਏ ਹਨ ਜਿਨ੍ਹਾਂ ਨੇ ਸ਼ਬਦ ਲੰਗਰਾਂ ਦੀ ਸੇਵਾ ਸ਼ੁਰੂ ਕੀਤੀ ਤੇ ਲੱਖਾਂ ਪੁਸਤਕਾਂ ਪ੍ਰਕਾਸ਼ਿਤ ਕਰਵਾ ਕੇ ਭੇਟਾ ਰਹਿਤ ਵਿਸ਼ਵ ਭਰ ਵਿਚ ਵੰਡੀਆਂ ਤੇ ਕਈ ਰਿਕਾਰਡ ਪੁਸਤਕਾਂ ਵਿਚ ਉਨ੍ਹਾਂ ਦੀ ਇਸ ਵਿਲੱਖਣ ਸੇਵਾ ਦਾ ਬਹੁਤ ਸਤਿਕਾਰ ਨਾਲ ਵਰਨਣ ਮਿਲਦਾ ਹੈ।

ਗੁਰਦੁਆਰਾ ਸੱਚਾ ਧੰਨ ਸਾਹਿਬ ਦੇ ਹੈੱਡ ਗ੍ਰੰਥੀ ਨੇ ਡਾਕਟਰ ਸਰੂਪ ਸਿੰਘ ਅਲੱਗ ਦੀਆਂ ਕੌਮ ਪ੍ਰਤੀ ਕੀਤੀਆਂ ਸੇਵਾਵਾਂ ਦਾ ਬਹੁਤ ਸਤਿਕਾਰ ਨਾਲ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਵਰਗਾ ਹੀਰਾ ਦੁਬਾਰਾ ਜਲਦੀ ਪੈਦਾ ਨਹੀਂ ਹੁੰਦਾ। ਸੰਗਤਾਂ ਪੁਸਤਕਾਂ ਪ੍ਰਾਪਤ ਕਰਕੇ ਬਹੁਤ ਖੁਸ਼ੀ ਮਹਿਸੂਸ ਕਰ ਰਹੀਆਂ ਸਨ ਤੇ ਡਾਕਟਰ ਅਲੱਗ ਨੂੰ ਬੜੇ ਸਤਿਕਾਰ ਨਾਲ ਯਾਦ ਕਰ ਰਹੀਆਂ ਸਨ। ਸ ਸੁਖਿੰਦਰ ਪਾਲ ਸਿੰਘ ਅਲੱਗ ਨੇ ਦੱਸਿਆ ਕਿ 5 ਅਗਸਤ ਨੂੰ ਡਾ ਅਲੱਗ ਦੀ ਬਰਸੀ ਤੇ ਕਈ ਸ਼ਹਿਰਾਂ ਵਿੱਚ ਸ਼ਬਦ ਲੰਗਰ ਲਾਏ ਜਾਣਗੇ।

# 'ਆਪ' ਵਿਧਾਇਕ ਦਾ ਟਰੈਫਿਕ ਮੁਲਾਜ਼ਮ ਨਾਲ ਪੈ ਗਿਆ ਪੰਗਾ, ਹੱਥੋਪਾਈ ਤੱਕ ਪਹੁੰਚੀ ਗੱਲ

## ਵਿਧਾਇਕ ਅਮੋਲਕ ਨੇ ਕਿਹਾ ਮੈਂ ਕੋਈ ਗੈਂਗਸਟਰ ਜਾਂ ਕ੍ਰਿਮੀਨਲ ਨਹੀਂ ਹਾਂ

**• ਲੁਧਿਆਣਾ (ਗੁਰਜੰਟ ਸਿੰਘ ਨੱਤ)**

ਚੰਡੀਗੜ੍ਹ 'ਚ ਆਪ ਵਿਧਾਇਕ ਤੇ ਟਰੈਫਿਕ ਪੁਲਸ ਦੇ ਮੁਲਾਜ਼ਮ ਵਿਚਾਲੇ ਤਿੱਖੀ ਤਕਰਾਰ ਹੋ ਗਈ। ਬਹਿਸਬਾਜ਼ੀ ਇੱਥੋਂ ਤਕ ਵਧ ਗਈ ਕਿ ਗੱਲ ਹੱਥੋਪਾਈ ਤਕ ਜਾ ਪਹੁੰਚੀ। ਟਰੈਫਿਕ ਪੁਲਸ ਦੇ ਸਬ ਇੰਸਪੈਕਟਰ ਲਖਵਿੰਦਰ ਸਿੰਘ ਅਤੇ 'ਆਪ' ਵਿਧਾਇਕ ਅਮੋਲਕ ਸਿੰਘ ਵਿਚਾਲੇ ਹੋਈ ਤਕਰਾਰ ਦਾ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿਚ ਦੋਵਾਂ ਵਿਚਾਲੇ ਬਹਿਸਬਾਜ਼ੀ ਤੋਂ ਬਾਅਦ ਹੱਥੋਪਾਈ ਤੱਕ ਗੱਲ ਪੁੱਜ ਗਈ ਸੀ

ਘਟਨਾ ਬਾਰੇ ਗੱਲਬਾਤ ਕਰਦਿਆਂ ਵਿਧਾਇਕ ਅਮੋਲਕ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਨਾਕੇ 'ਤੇ ਰੋਕਿਆ ਗਿਆ ਸੀ। ਪੁਲਸ ਅਧਿਕਾਰੀ ਨੇ ਪੁਛਿਆ ਤੁਸੀਂ ਕਿਥੇ ਜਾ ਰਹੇ ਹੋ ਤਾਂ ਮੈਂ ਕਿਹਾ ਕਿ ਤੁਸੀਂ ਕਾਗਜ਼ ਪੱਤਰ ਚੈੱਕ ਕਰ ਲਵੋ। ਮੇਰੇ ਗੰਨਮੈਨ ਨੇ ਕਿਹਾ ਕਿ ਇਹ ਵਿਧਾਇਕ ਹਨ ਤਾਂ ਪੁਲਸ ਮੁਲਾਜ਼ਮ ਨੇ ਕਿਹਾ ਕਿ ਇਹਦੇ ਵਰਗੇ 36 ਵੇਖੇ ਨੇ। ਪਹਿਲਾਂ ਵੀ ਮੇਰੀ ਪਤਨੀ ਅਤੇ ਮੈਨੂੰ ਅੱਧਾ ਘੰਟਾ ਉਥੇ ਖੜਾ ਰੱਖਿਆ। ਮੈਂ ਪਹਿਲਾਂ ਸ਼ਿਕਾਇਤ ਨਹੀਂ ਕੀਤੀ। ਮੈਂ ਇਸ ਬਾਰੇ ਐੱਸ.ਐੱਸ.ਪੀ. ਨੂੰ ਪੂਰੀ ਜਾਣਕਾਰੀ ਦੇ ਦਿੱਤੀ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਪੁਲਸ ਅਧਿਕਾਰੀ ਦਾ ਫ਼ੋਨ ਖੋਹਿਆ ਹੈ ਤਾਂ ਉਨ੍ਹਾਂ ਕਿਹਾ ਮੈਂ ਕੋਈ ਫ਼ੋਨ ਨਹੀਂ ਖੋਹਿਆ, ਫ਼ੋਨ ਬੰਦ ਕਰਨ ਲਈ ਕਿਹਾ ਸੀ। ਵਿਧਾਇਕ ਅਮੋਲਕ ਨੇ ਕਿਹਾ ਮੈਂ ਕੋਈ ਗੈਂਗਸਟਰ ਜਾਂ ਕ੍ਰਿਮੀਨਲ ਨਹੀਂ ਹਾਂ।



ਦੂਜੇ ਪਾਸੇ ਸਬ ਇੰਸਪੈਕਟਰ ਨੇ ਦੱਸਿਆ ਕਿ ਇਹ ਸਾਰਾ ਮਾਮਲਾ ਬੀਤੇ ਦਿਨ ਸੈਕਟਰ 22 ਵਿਖੇ ਵਾਪਰਿਆ। ਉਹ ਵਿਧਾਇਕ ਨੂੰ ਨਹੀਂ ਜਾਣਦੇ ਸੀ। ਉਹ ਮੇਰੇ ਕੋਲ ਆਏ ਤੇ ਕਹਿਣ ਲੱਗੇ ਇਹ ਉਹੀ ਹੈ ਜਿਸ ਨੇ ਮੈਨੂੰ ਅਤੇ ਮੇਰੀ ਪਤਨੀ ਨੂੰ ਪਹਿਲਾਂ ਰੋਕਿਆ ਸੀ ਅਤੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਤੁਹਾਨੂੰ ਨਹੀਂ ਜਾਣਦਾ ਤਾਂ ਉਨ੍ਹਾਂ ਨੇ ਮੇਰੇ ਨਾਲ ਦੁਰਵਿਵਹਾਰ ਕੀਤਾ। ਵਿਧਾਇਕ ਗੱਡੀ 'ਚੋਂ ਹੇਠਾਂ ਉਤਰੇ ਅਤੇ ਮੇਰੀ ਵਰਦੀ 'ਤੇ ਹੱਥ ਪਾਇਆ। ਮੇਰਾ ਮੋਬਾਈਲ ਖੋਹ ਕੇ ਦੂਰ ਸੁੱਟ ਦਿੱਤਾ ਅਤੇ ਜਾਂਦੇ ਹੋਏ ਕਿਹਾ ਕਿ ਮੈਂ ਤੁਹਾਨੂੰ ਦੱਸਾਂਗਾ ਕਿ ਨੌਕਰੀ ਕੀ ਹੁੰਦੀ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮੈਂ ਲਿਖਤੀ ਸ਼ਿਕਾਇਤ ਕੀਤੀ ਹੈ ਅਤੇ ਸਾਰਾ ਮਾਮਲਾ ਆਪਣੇ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਹੈ।

# ਪੰਜਾਬ ਕਾਂਗਰਸ ਤਰੱਕੀ ਦੀਆਂ ਲੀਹਾਂ ਤੇ, ਲੋਕਾਂ ਨੂੰ ਠੱਗਣ ਵਾਲੇ ਗ੍ਰੋਹ 'ਚ ਇੱਕ ਕਾਂਗਰਸ ਦਾ ਬਲਾਕ ਪ੍ਰਧਾਨ ਵੀ ਸ਼ਾਮਲ : ਗੋਸ਼ਾ


PUNJAB PRADESH CONGRESS COMMITTEE
Amarinder Singh
President
ਅਮਰਿੰਦਰ ਸਿੰਘ
ਮਿਤੀ 14.07.2023



**• ਲੁਧਿਆਣਾ (ਗੁਰਜੰਟ ਸਿੰਘ ਨੱਤ)**

ਖੁਦ ਨੂੰ ਮਾਈਕ੍ਰੋਸਾਫਟ ਤੇ ਐਪਲ ਪਲੇਟਫਾਰਮ ਦੇ ਅਧਿਕਾਰੀ ਦੱਸ ਕੇ ਵਿਦੇਸ਼ੀਆਂ ਨੂੰ ਮੋਟਾ ਚੂਨਾ ਲਗਾਉਣ ਵਾਲੇ ਇਕ ਜਾਅਲੀ ਕਾਲ ਸੈਂਟਰ ਦੇ ਪਿਛਲੇ ਦਿਨ੍ਹੀ ਹੋਏ ਪਰਦਾਫਾਸ਼ ਵਿੱਚ ਪੁਲਿਸ ਵੱਲੋਂ ਹਿਰਾਸਤ ਵਿੱਚ ਲਏ ਗਏ ਮੁਲਜਮਾਂ ਵਿੱਚੋਂ ਇੱਕ ਸਾਹਿਲ ਨਾਮ ਦਾ ਨੌਜਵਾਨ ਲੜਕਾ ਹਲਕਾ ਆਤਮ ਨਗਰ ਦਾ ਬਲਾਕ ਕਾਂਗਰਸ ਕਮੇਟੀ ਪ੍ਰਧਾਨ ਵੀ ਹੈ ਇਹ ਜਾਣਕਾਰੀ ਭਾਜਪਾ ਦੇ ਬੁਲਾਰੇ ਗੁਰਦੀਪ ਸਿੰਘ ਗੋਸ਼ਾ ਨੇ ਸਾਂਝੀ ਕੀਤੀ। ਉਹਨਾਂ ਕਿਹਾ ਕਿ ਪੰਜਾਬ ਅੰਦਰ ਕਾਂਗਰਸ ਦੇ ਕਾਰਜਕਾਲ ਨੂੰ ਕੌਣ ਨਹੀਂ ਜਾਣਦਾ ਪਰ ਹੁਣ ਮੌਜੂਦਾ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜ਼ਾ ਵੜਿੰਗ ਦੀ ਅਗਵਾਈ ਵਿੱਚ ਕਾਂਗਰਸ ਪਹਿਲਾ ਨਾਲੋਂ ਵੀ ਦੋ ਕਦਮ ਹੋਰ ਵੀ ਅੱਗੇ ਵੱਧ ਚੁੱਕੀ ਹੈ। ਪੰਜਾਬ ਦੀ ਨੌਜਵਾਨ ਪੀੜੀ ਜਿੱਥੇ ਪਹਿਲਾ ਨਸ਼ਿਆਂ ਦੇ ਦਲ ਦਲ ਵਿੱਚ ਧੱਸ ਚੁੱਕੀ ਸੀ

### ■ ਰਾਜਾ ਵੜਿੰਗ ਦੀ ਅਗਵਾਈ ਵਿੱਚ ਅਲੱਗ ਤਰ੍ਹਾਂ ਤਰੱਕੀ ਕਰ ਰਹੀ ਕਾਂਗ੍ਰਸ

ਹੁਣ ਲੁੱਟ-ਖੋਹ, ਡਕੈਤੀ ਤੇ ਕਤਲ ਦੀਆਂ ਵਾਰਦਾਤਾਂ ਵੱਲ ਨੂੰ ਕਦਮ ਵਧਾਉਣ ਦੇ ਨਾਲ ਨਾਲ ਲੋਕਾਂ ਨੂੰ ਠਗਣ ਵਾਲੇ ਨਵੇਂ ਨਵੇਂ ਢੰਗ ਤਰੀਕੇ ਅਪਣਾ ਰਹੀ ਹੈ। ਗੋਸ਼ਾ ਨੇ ਤੰਜ਼ ਕਸਦੇ ਹੋਏ ਕਿਹਾ ਕਿ ਰਾਜਾ ਵੜਿੰਗ ਦੀ ਅਗਵਾਈ ਵਿੱਚ ਜਿੱਥੇ ਪੰਜਾਬ ਦੇ ਨੌਜਵਾਨਾਂ ਵਿਚ ਤਰੱਕੀ ਵੇਖਣ ਨੂੰ ਮਿਲ ਰਹੀ ਹੈ ਉੱਥੇ 'ਆਪ' ਦੇ ਰਾਜ ਵਿੱਚ ਰੰਗਲੇ ਪੰਜਾਬ ਦੀ ਜਗ?ਹਾਂ ਗੰਧਲੇ ਪੰਜਾਬ ਦੀ ਝਲਕ ਵੀ ਵੇਖਣ ਨੂੰ ਮਿਲ ਰਹੀ ਹੈ। ਗੋਸ਼ਾ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਕਾਂਗਰਸ ਅਤੇ ਆਪ ਦੋਨੋਂ ਇੱਕੋ ਹੱਟੀ ਦੇ ਚੱਟੇ-ਬੱਟੇ ਹਨ ਜੋ ਆਉਣ ਵਾਲੇ ਦਿਨ੍ਹਾਂ ਵਿੱਚ ਇੱਕ ਪਲੇਟ ਫਾਰਮ ਤੇ ਇਕੱਠੇ ਦਿਖਾਈ ਦੇਣਗੇ।

# ਸ੍ਰੀ ਗੁਰੂ ਤੇ.ਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ ਵਿਖੇ ਕਾਰਜਕਾਰਨੀ ਦੀ ਹੰਗਾਮੀ ਮੀਟਿੰਗ ਕੀਤੀ




**• ਸ਼੍ਰੀ ਅਨੰਦਪੁਰ ਸਾਹਿਬ**

ਪੰਜਾਬ ਨੇ ਮਿਤੀ 09-06-2023 ਨੂੰ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ 6ਵੇਂ ਤਨਖ਼ਾਹ ਕਮਿਸ਼ਨ ਦਾ ਲਾਭ ਲਾਗੂ ਨਾ ਕਰਨ ਕਰਕੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੀ ਦੇ ਚੋਣ ਹਲਕਾ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਇੱਕ ਧਰਨੇ ਦੀ ਯੋਜਨਾ ਬਣਾਈ ਸੀ। ਇਸ ਸਬੰਧ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਡੀ.ਐਸ.ਪੀ., ਪੁਲਿਸ ਸ਼੍ਰੀ ਅਜੈ ਸਿੰਘ ਅਤੇ ਤਹਿਸੀਲਦਾਰ ਦੇ ਦਫ਼ਤਰ ਤੋਂ ਪੱਤਰ ਨੰ: 1076 ਮਿਤੀ 03-06-2023 ਦੇ ਅਨੁਸਾਰ ਮਾਨਯੋਗ ਉਚੇਰੀ ਸਿੱਖਿਆ ਮੰਤਰੀ ਸ਼ ਹਰਜੋਤ ਸਿੰਘ ਬੈਂਸ ਜੀ ਨਾਲ ਪੰਜਾਬ ਭਵਨ ਚੰਡੀਗੜ੍ਹ 06-06-2023 ਨੂੰ ਸ਼ਾਮ 6.00 ਵਜੇ ਆਪਣੀਆਂ ਮੰਗਾਂ ਸਬੰਧੀ ਵਿਖੇ ਮੀਟਿੰਗ ਬੁਲਾਈ ਗਈ। ਪਰ ਉਸ ਮੀਟਿੰਗ ਨੂੰ ਵੀ ਕਾਫੀ ਸਮਾਂ ਬੀਤਣ ਬਾਅਦ ਵੀ ਕੋਈ ਕਾਰਵਾਈ ਨਹੀਂ ਹੋਈ ਸੀ । ਸ੍ਰੀ ਗੁਰੂ ਤੇ.ਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ ਵਿਖੇ ਕਾਰਜਕਾਰਨੀ ਦੀ ਹੰਗਾਮੀ ਮੀਟਿੰਗ ਕੀਤੀ ਗਈ ਇਸ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸਰਕਾਰ ਨੂੰ ਝੰਜੋੜਨ ਲਈ ਮਿਤੀ 07-08-2023 ਨੂੰ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਵਿਧਾਨ ਸਭਾ ਹਲਕੇ ਵਿੱਚ ਧਰਨੇ ਉਪਰੰਤ ਰੋਸ ਮਾਰਚ ਕੀਤਾ ਜਾਵੇਗਾ। ਇਸ ਮੌਕੇ ਯੂਨੀਅਨ ਦੇ ਨੁਮਾਇੰਦਿਆਂ ਵਿੱਚ ਜਗਦੀਪ ਸਿੰਘ ਜਨਰਲ ਸਕੱਤਰ ਪੰਜਾਬ, ਪ੍ਰਧਾਨ ਰਾਜੀਵ ਸ਼ਰਮਾ, ਵਾਈਸ ਪ੍ਰਧਾਨ ਦੀਪਕ ਸ਼ਰਮਾ, ਸਵਿੰਦਰ ਸਿੰਘ ਗੋਲਾ ਐਡਵਾਈਜਰ, ਸ਼੍ਰੀ ਮਨੋਜ ਪਾਂਡੇ , ਅਮਰੀਕ ਸਿੰਘ ਵਾਈਸ ਪ੍ਰਧਾਨ ਪੰਜਾਬੀ ਯੂਨੀਵਰਸਿਟੀ ਵਿੰਗ, ਇੰਦਰਜੀਤ ਸਿੰਘ ਵਾਈਸ ਪ੍ਰਧਾਨ ਪੰਜਾਬ ਯੂਨੀਵਰਸਿਟੀ ਵਿੰਗ, ਸਾ ਪ੍ਰੇਮ ਸਿੰਘ ਸੁਪ੍ਰਿੰਟੈਂਡੈਂਟ ਸ੍ਰੀ ਗੁਰੂ ਤੇ.ਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ, ਪ੍ਰਧਾਨ ਲੋਕਲ ਇਕਾਈ ਸੋਹਣ ਸਿੰਘ ਹਰੀਵਾਲ ਅਤੇ ਤੇਜਿੰਦਰ ਸਿੰਘ ਸੀਨੀਅਰ ਲੈਕਚਰਾਰ ਸਹਾਇਕ, ਸੁਰੇਸ਼ ਕੁਮਾਰ ਖਾਲਸਾ ਕਾਲਜ ਲੁਧਿਆਣਾ, ਰਣਬੀਰ ਕੁਮਾਰ ਜੀ ਟੀ ਬੀ ਕਾਲਜ ਦਾਖਾ, ਦੀਪਕ ਸ਼ਰਮਾ, ਸਰਬਜੀਤ ਸਿੰਘ ਭੋਲਾ ਦਾਸ ਮੌਜੂਦ ਸਨ।

# ਸਰਕਾਰੀ ਹਾਈ ਸਕੂਲ ਦਸਗਰਾਂਈ ਵੱਲੋਂ ਉਦਯੋਗ ਐਕਸਪੋਜ਼ਰ ਵਿਜ਼ਿਟ ਦਾ ਆਯੋਜਨ




**• ਨੰਗਲ/ਜੋਗਿੰਦਰ ਰਾਣਾ**

ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਬੀ.ਆਈ.ਐਸ. ਪਰਵਾਣੂ ਸ਼ਾਖਾ ਦੁਆਰਾ ਨਿਰਧਾਰਿਤ ਪ੍ਰੋਗਰਾਮ ਅਤੇ ਸਟੈਂਡਰਡਜ਼ ਪ੍ਰਮੋਸ਼ਨ ਅਫ਼ਸਰ ਸ੍ਰੀ ਅਤੁਲ ਚਤੁਰਵੇਦੀ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ 24 ਜੁਲਾਈ 2023 ਨੂੰ ਸਰਕਾਰੀ ਹਾਈ ਸਕੂਲ, ਦਸਗਰਾਂਈ , ਜ਼ਿਲ੍ਹਾ ਰੋਪੜ, ਪੰਜਾਬ ਦੇ ਵਿਦਿਆਰਥੀਆਂ ਲਈ ਉਦਯੋਗਾਂ ਵਿੱਚ ਵਿਦਿਆਰਥੀਆਂ ਦੀ ਐਕਸਪੋਜ਼ਰ ਵਿਜ਼ਿਟ ਦਾ ਆਯੋਜਨ ਕੀਤਾ ਗਿਆ। ਇਸ ਐਕਸਪੋਜ਼ਰ ਦੌਰੇ ਦੌਰਾਨ, ਵਿਦਿਆਰਥੀਆਂ ਨੇ ਟੋਰਕ ਫਾਰਮਾਸਿਊਟੀਕਲ ਪ੍ਰਾਈਵੇਟ ਲਿਮਿਟੇਡ ਬੱਦੀ, ਹਿਮਾਚਲ ਪ੍ਰਦੇਸ਼ ਉਦਯੋਗਿਕ ਇਕਾਈ ਦਾ ਦੌਰਾ ਕੀਤਾ । ਉਦਯੋਗਿਕ ਯੂਨਿਟ ਦੇ ਅਧਿਕਾਰੀਆਂ ਵੱਲੋਂ ਸ੍ਰੀ ਮਦਨ ਮੋਹਨ ਪਾਨੀਗ੍ਰਹੀ (ਸੀਨੀਅਰ ਜਨਰਲ ਮੈਨੇਜਰ), ਸ੍ਰੀ ਘਨਸ਼ਿਆਮ (ਪ੍ਰੋਡਕਸ਼ਨ ਮੈਨੇਜਰ), ਸ੍ਰੀ ਸੰਨੀ ਕੁਮਾਰ (ਕੁਆਲਟੀ ਕੰਟਰੋਲ ਹੈੱਡ) ਨੇ ਵਿਦਿਆਰਥੀਆਂ ਨੂੰ ਇਸ ਉਦਯੋਗਿਕ ਯੂਨਿਟ ਵਿੱਚ ਤਿਆਰ ਕੀਤੇ ਜਾਣ ਵਾਲੇ ਜਲ ਨੈਚੁਰਲ ਮਿਨਰਲ ਵਾਟਰ, ਟੋਰੈਕਸ ਕਫ਼ ਸੀਰਪ, ਸਾਬਣ, ਸ਼ੈਂਪੂ ਆਦਿ ਉਤਪਾਦਾਂ ਅਤੇ ਇਸਦੀ ਗੁਣਵੱਤਾ ਅਤੇ ਮਿਆਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਬੀ.ਆਈ.ਐਸ ਪ੍ਰੋਗਰਾਮ ਬਾਰੇ ਜਾਣਕਾਰੀ ਦੇਣ ਲਈ ਬਿਊਰੋ ਆਫ ਇੰਡੀਅਨ ਸਟੈਂਡਰਡਜ਼ ਪਰਵਾਣੂ ਦਫਤਰ ਵੱਲੋਂ ਸ੍ਰੀ ਫੋਰਨ ਚੰਦ ਰਿਸੋਰਸ ਪਰਸਨ ਮੌਜੂਦ ਸਨ। ਵਿਦਿਆਰਥੀ ਇਹ ਦੇਖਣ ਲਈ ਬਹੁਤ ਉਤਸੁਕ ਸਨ ਕਿ ਕਿਵੇਂ ਜਲ ਯੂਨਿਟ ਵਿੱਚ ਪਾਣੀ ਨੂੰ ਫਿਲਟਰ ਕੀਤਾ ਜਾਂਦਾ ਹੈ ਅਤੇ ਬੋਤਲਾਂ ਵਿੱਚ ਸਾਫ਼-ਸੁਥਰਾ ਢੰਗ ਨਾਲ ਪੈਕ ਕੀਤਾ ਜਾਂਦਾ ਹੈ। ਉਦਯੋਗਿਕ ਯੂਨਿਟ ਦੇ ਕੈਂਪਸ ਵਿੱਚ ਸ਼ਾਨਦਾਰ ਬੂਟੇ ਲਗਾਏ ਗਏ ਸਨ, ਗ੍ਰੀਨ ਕੈਂਪਸ ਦੇ ਅੰਦਰ ਖੁੱਲੇ ਖੇਤਰ ਵਿੱਚ ਵੱਖ-ਵੱਖ ਕਿਸਮਾਂ ਦੀਆਂ ਜੜੀਆਂ ਬੂਟੀਆਂ, ਫਲ ਅਤੇ ਸਬਜ਼ੀਆਂ ਆਪਣੇ ਤੌਰ 'ਤੇ ਵਰਤੋਂ ਲਈ ਉਗਾਈਆਂ ਗਈਆਂ ਸਨ। ਯੂਨਿਟ ਦੇ ਅੰਦਰ ਸ਼ਾਂਤਮਈ ਅਤੇ ਚੰਗੀ ਸਾਫ-ਸਫਾਈ ਪ੍ਰਣਾਲੀ ਸੀ। ਮਿਆਰਾਂ ਨੂੰ ਸ਼ਾਨਦਾਰ ਤਰੀਕੇ ਨਾਲ ਬਰਕਰਾਰ ਰੱਖਿਆ ਗਿਆ ਸੀ. ਕੰਪਨੀ ਦੇ ਸੀਨੀਅਰ ਜੀ.ਐਮ. ਵਿਦਿਆਰਥੀਆਂ ਨੂੰ ਜਲ ਯੂਨਿਟ ਬਾਰੇ ਵਿਸਥਾਰ ਵਿੱਚ ਸਮਝਾਇਆ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਧੀਰਜ ਨਾਲ ਦਿੱਤੇ। ਵਿਦਿਆਰਥਣ ਹਰਪ੍ਰੀਤ ਕੌਰ, ਸਿਮਰਨ, ਅਨੁਰਾਗ, ਬਲਵਿੰਦਰ ਸਿੰਘ ਵਿਦਿਆਰਥੀਆਂ ਨੇ ਉਦਯੋਗ ਅਧਿਕਾਰੀਆਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦੇ ਕੇ ਇਨਾਮ ਜਿੱਤੇ। ਇਸ ਮੌਕੇ ਮੁੱਖ ਅਧਿਆਪਕਾ ਸ੍ਰੀਮਤੀ ਪਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਗਤੀਵਿਧੀਆਂ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ। ਇਹ ਦੌਰਾ ਸਕੂਲ ਸਟੈਂਡਰਡਜ਼ ਕਲੱਬ ਦੀ ਮੈਂਟਰ ਅਧਿਆਪਕਾ ਸ਼੍ਰੀਮਤੀ ਸ਼ਾਲੂ ਸੋਨੀ, ਸ਼੍ਰੀ ਨਿਰੂਪਮ ਕਾਲੀਆ ਅਤੇ ਸ਼੍ਰੀਮਤੀ ਅਮਰਜੀਤ ਕੌਰ ਦੀ ਦੇਖ-ਰੇਖ ਹੇਠ ਕੀਤਾ ਗਿਆ।

# ਮਨੀਪੁਰ ਵਿੱਚ ਔਰਤਾਂ ਨਾਲ ਹੋ ਰਹੇ ਜ਼ੁਲਮ ਖ਼ਿਲਾਫ਼ ਕਿਸਾਨਾਂ ਮਜ਼ਦੂਰਾਂ ਨੇ ਕੀਤਾ ਰੋਸ ਪ੍ਰਦਰਸ਼ਨ

## ਕੇਂਦਰ ਦੀ ਮੋਦੀ ਸਰਕਾਰ ਦੀ ਫੂਕੀ ਅਰਥੀ




**• ਸ੍ਰੀ ਅਨੰਦਪੁਰ ਸਾਹਿਬ**

ਕੁੱਲ ਹਿੰਦ ਕਿਸਾਨ ਸਭਾ,ਖੇਤ ਮਜ਼ਦੂਰ ਯੂਨੀਅਨ ਅਤੇ ਸੀਟੂ ਦੀਆਂ ਕੇਂਦਰੀ ਕਮੇਟੀ ਦੇ ਸੱਦੇ ਤੇ ਮਨੀਪੁਰ ਵਿੱਚ ਔਰਤਾਂ ਨਾਲ ਹੋ ਰਹੇ ਜ਼ੁਲਮਾਂ ਖਿਲਾਫ ਅਤੇ ਕੇਂਦਰ ਦੀ ਮੋਦੀ ਸਰਕਾਰ ਦੀ ਚੁੱਪੀ ਖਿਲਾਫ ਅੱਜ ਇਥੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਕੇਂਦਰ ਦੀ ਸਰਕਾਰ ਦੀ ਅਰਥੀ ਫੂਕੀ।

ਇਸ ਮੌਕੇ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕਿਸਾਨ ਆਗੂ ਜਸਵਿੰਦਰ ਸਿੰਘ ਭੰਗਲ,ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਜਿੰਦਰ ਪੰਡਤ, ਸੀਟੂ ਦੇ ਆਗੂ ਰਾਮ ਸਿੰਘ ਸੈਣੀ ਮਾਜਰਾ ਦੀ ਅਗਵਾਈ ਹੇਠ ਅੱਜ ਇੱਕ ਵੱਡਾ ਇਕੱਠ ਸਥਾਨਕ ਬੱਸ ਸਟੈਂਡ ਵਿਖੇ ਹੋਇਆ। ਇਥੋਂ ਰੋਸ ਮਾਰਚ ਸ਼ੁਰੂ ਕੀਤਾ ਗਿਆ ਜੋ ਕਿ ਕਲਗੀਧਰ ਮਾਰਕੀਟ, ਰਵੀਦਾਸ ਚੌਕ ਤੋਂ ਹੁੰਦਾ ਹੋਇਆ ਮੇਨ ਰੋਡ ਤੇ ਖਤਮ ਹੋਇਆ। ਇਥੇ ਕੇਂਦਰ ਦੀ ਮੋਦੀ ਸਰਕਾਰ ਦੀ ਅਰਥੀ ਫੂਕੀ। ਇਸ ਮੌਕੇ ਤੇ ਔਰਤਾਂ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਇਸ ਮੌਕੇ ਤੇ ਆਗੂਆਂ ਨੇ ਕਿਹਾ ਕਿ ਦੇਸ਼ ਦੇ ਉੱਤਰ ਪੂਰਬੀ ਸੂਬੇ ਮਨੀਪੁਰ ਵਿਖੇ ਪਿਛਲੇ 83 ਦਿਨਾਂ ਤੋਂ ਕੀਤੀ ਜਾ ਰਹੀ ਸਾੜਫੂਕ, ਲੁੱਟ ਖੋਹ, ਕਤਲੋਗਾਰਤ ਅਤੇ ਜਬਰ ਜਿਨਾਹ ਦੀਆਂ ਘਟਨਾਵਾਂ ਮਨੀਪੁਰ ਦੇ ਮੁੱਖ ਮੰਤਰੀ ਐਨ. ਬਿਰੇਨ ਸਿੰਘ ਦੀ ਭਾਜਪਾ ਸਰਕਾਰ ਅਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਸਾਂਝੇ ਤੌਰ ’ਤੇ ਜ਼ਿੰਮੇਵਾਰ ਹਨ। ਮਨੀਪੁਰ ਸੂਬੇ ਵਿੱਚ 3 ਮਈ ਦੀ ਰਾਤ ਨੂੰ ਕਰੀਬ ਇੱਕ ਹਜ਼ਾਰ ਲੋਕਾਂ ਦੀ ਹਥਿਆਰਬੰਦ ਭੀੜ ਵੱਲੋਂ ਕਾਂਗਪੋਕਪੀ ਜ਼ਿਲ੍ਹੇ ਦੇ ਸੈਕੁਲ ਥਾਣੇ ਦੇ ਕੁਝ ਪਿੰਡਾਂ ਵਿੱਚ ਦਾਖਲ ਹੋ ਕੇ ਕੁੱਕੀ ਕਬੀਲੇ ਦੇ ਲੋਕਾਂ ਦੇ ਘਰਾਂ ’ਤੇ ਯੋਜਨਾਬੱਧ ਹਮਲਾ ਕਰਕੇ ਭਾਰੀ ਸਾੜਫੂਕ, ਲੁੱਟਮਾਰ ਅਤੇ ਕਤਲੇਆਮ ਕੀਤਾ ਗਿਆ ਸੀ, ਜਿਸ ਤੋਂ ਬਚਦੇ ਹੋਏ ਤਿੰਨ ਕੁੱਕੀ ਔਰਤਾਂ ਅਤੇ ਦੋ ਮਰਦ ਇੱਕ ਵਾਹਨ ਵਿੱਚ ਉਥੋਂ ਬਚ ਕੇ ਨਿਕਲ ਗਏ ਸਨ ਜੋ ਅਗਲੇ ਦਿਨ 4 ਮਈ ਨੂੰ ਆਪਣਾ ਬਚਾਅ ਕਰਨ ਲਈ ਪੁਲੀਸ ਦੀ ਗੱਡੀ ਵਿੱਚ ਲੁਕ ਗਏ। ਪ੍ਰੰਤੂ ਪੁਲੀਸ ਨੇ ਉਹਨਾ ਦਾ ਕੋਈ ਬਚਾਅ ਨਹੀਂ ਕੀਤਾ ਸਗੋਂ ਭੀੜ ਨੇ ਉਹਨਾ ਨੂੰ ਪੁਲੀਸ ਤੋਂ ਖੋਹ ਲਿਆ ਅਤੇ ਤਿੰਨ ਔਰਤਾਂ ਦੇ ਕੱਪੜੇ ਉਤਾਰ ਕੇ ਉਹਨਾ ਦੀ ਨਗਨ ਪਰੇਡ ਸ਼ੁਰੂ ਕਰ ਦਿੱਤੀ ਗਈ। ਇਹਨਾ ਔਰਤਾਂ ਵਿੱਚ ਇੱਕ 52 ਸਾਲ, ਦੂਸਰੀ 42 ਸਾਲ ਅਤੇ ਤੀਸਰੀ 21 ਸਾਲ ਦੀ ਨੌਜਵਾਨ ਕੁੜੀ ਸੀ। ਜਦੋਂ 21 ਸਾਲਾ ਕੁੜੀ ਦੇ 56 ਸਾਲਾ ਪਿਉ ਅਤੇ 19 ਸਾਲਾ ਭਰਾ ਨੇ ਇਸ ਦਰਿੰਦਗੀ ਦਾ ਵਿਰੋਧ ਕੀਤਾ ਤਾਂ ਭੀੜ ਵੱਲੋਂ ਉਹਨਾ ਦੋਵਾਂ ਦਾ ਮੌਕੇ ’ਤੇ ਕਤਲ ਕਰ ਦਿੱਤਾ ਗਿਆ ਅਤੇ ਉਸ ਕੁੜੀ ਨਾਲ ਭੀੜ ਵੱਲੋਂ ਗੈਂਗ ਰੇਪ ਕੀਤਾ ਗਿਆ। ਨਗਨ ਪਰੇਡ ਵਿਚਲੀ ਤੀਸਰੀ 52 ਸਾਲਾ ਔਰਤ ਜੋ ਕਿ ਵਾਇਰਲ ਵੀਡੀਓ ਵਿੱਚ ਦਿਖਾਈ ਨਹੀਂ ਦਿੱਤੀ, ਦਾ ਪਤੀ ਭਾਰਤੀ ਫੌਜ ਵਿੱਚੋਂ ਸੂਬੇਦਾਰ ਰਿਟਾਇਰ ਹੋਇਆ ਹੈ ਅਤੇ ਉਹ ਕਾਰਗਿਲ ਵਾਰ ਅਤੇ ਸ਼੍ਰੀਲੰਕਾ ਵਿੱਚ ਭੇਜੀ ਗਈ ਭਾਰਤੀ ਸ਼ਾਂਤੀ ਸੈਨਾ ਵਿੱਚ ਸ਼ਾਮਲ ਰਿਹਾ ਸੀ। ਕਿਸਾਨ ਮਜ਼ਦੂਰ ਆਗੂਆਂ ਨੇ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਸੂਬਾ ਸਰਕਾਰ ਅਤੇ ਪੁਲੀਸ ਨੇ ਇਸ ਦਾ ਕੋਈ ਨੋਟਿਸ ਨਹੀਂ ਲਿਆ ਅਤੇ ਡੇਢ ਮਹੀਨੇ ਬਾਅਦ 21 ਜੂਨ ਨੂੰ ਇੱਕ ਹਲਕੀ ਫੁਲਕੀ ਐਫ.ਆਈ.ਆਰ. ਦਰਜ ਕਰ ਦਿੱਤੀ। ਜਦੋਂ 19 ਜੁਲਾਈ ਨੂੰ ਇਸ ਘਟਨਾ ਦੀ ਇੱਕ 26 ਸਕਿੰਟ ਦੀ ਵੀਡਿਓ ਵਾਇਰਲ ਹੋਈ ਤਾਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਵੱਲੋਂ ਇਸ ਦਾ ਨੋਟਿਸ ਲੈ ਕੇ ਸੂਬਾ ਸਰਕਾਰ ਨੂੰ ਫਿਟਕਾਰ ਪਾਈ ਗਈ, ਜਿਸ ਨਾਲ ਪਿਛਲੇ 80 ਦਿਨਾਂ ਤੋਂ ਚੁੱਪੀ ਧਾਰ ਕੇ ਬੈਠੇ ਹੋਏ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਵੀ ਮਨੀਪੁਰ ਬਾਰੇ ਮੂੰਹ ਖੋਲ੍ਹਣ ਲਈ ਮਜਬੂਰ ਹੋਣਾ ਪਿਆ। ਅਜੇ ਇਸ ਘਟਨਾ ਦੀ ਚਰਚਾ ਚੱਲ ਰਹੀ ਹੈ ਤਾਂ ਮਨੀਪੁਰ ਦੇ ਸੈਕੁਲ ਪੁਲੀਸ ਥਾਣੇ ਅੰਦਰ 4 ਮਈ ਦੀ ਇੱਕ ਹੋਰ ਘਟਨਾ ਸਾਹਮਣੇ ਆਈ ਹੈ, ਜਿਸ ਵਿੱਚ 21 ਸਾਲ ਅਤੇ 24 ਸਾਲ ਦੀ ਉਮਰ ਦੀਆਂ ਦੋ ਦੋਸਤ ਕੁੜੀਆਂ ਨਾਲ 100-200 ਲੋਕਾਂ ਦੀ ਭੀੜ ਵੱਲੋਂ ਗੈਂਗ ਰੇਪ ਕਰਕੇ ਕਤਲ ਕਰ ਦਿੱਤਾ ਗਿਆ ਸੀ। ਮਨੀਪੁਰ ਵਿਖੇ ਪਿਛਲੇ 3 ਮਹੀਨੇ ਤੋਂ ਇੰਟਰਨੈੱਟ ਬੰਦ ਕੀਤਾ ਹੋਇਆ ਹੈ ਅਤੇ ਉਥੇ ਵਾਪਰ ਰਹੀਆਂ ਗੈਰ ਮਨੁੱਖੀ ਘਟਨਾਵਾਂ ਦੀ ਅਜੇ 5% ਜਾਣਕਾਰੀ ਵੀ ਆਮ ਲੋਕਾਂ ਤੱਕ ਨਹੀਂ ਪਹੁੰਚੀ। ਇਸ ਮੌਕੇ ਤੇ ਰਾਮ ਕਿਸ਼ਨ ਦਬਕੇਹੜਾ, ਜਗੀਰ ਸਿੰਘ ਰੌਲੀ, ਹਿਮਾਚਲ ਪ੍ਰਦੇਸ਼ ਦੇ ਸੀਟੂ ਆਗੂ ਵਿਜੇ ਸ਼ਰਮਾ, ਸੇਵਾ ਮੁਕਤ ਪ੍ਰਿੰਸੀਪਲ ਮੇਜਰ ਸਿੰਘ, ਅਮਰਜੀਤ ਸਿੰਘ ਹੋਲਗੜ੍ਹ, ਬਲਵੰਤ ਸਿੰਘ, ਦਲਜੀਤ ਕੌਰ ਲੋਧੀਪੁਰ, ਬਲਵੰਤ ਕੌਰ ਭੰਗਲ, ਗੁਰਦੇਵ ਕੌਰ ਭਾਲੜੂ, ਰਮਨਦੀਪ ਕੌਰ ਢਿੱਲੋਂ, ਅੰਤਰਜੀਤ ਕੌਰ ਅਟਵਾਲ, ਸਰਪੰਚ ਰਜਿੰਦਰ ਸਿੰਘ ਡੋਡ, ਕੁਲਦੀਪ ਸਿੰਘ ਅਰੋੜਾ, ਬਰਜਿੰਦਰ ਸਿੰਘ ਡੋਡ, ਹੁਕਮ ਸਿੰਘ ਮਹੈਣ, ਇੰਦਰਜੀਤ ਸਿੰਘ ਫੋਜੀ, ਗੁਰਨੈਬ ਸਿੰਘ,ਚਰਨ ਸਿੰਘ ਅਟਵਾਲ, ਧਰਮਿੰਦਰ ਸਿੰਘ ਚੰਡੇਸਰ, ਸੁਖਵਿੰਦਰ ਸਿੰਘ ਲਾਡੀ, ਗੁਰਚਰਨ ਸਿੰਘ ਕੂਨਰ,ਪਰੋਮੀਲਾ ਜਸਵਿੰਦਰ ਸਿੰਘ ਅਨੰਦਪੁਰ ਸਾਹਿਬ, ਫ਼ੋਜੀ ਜਰਨੈਲ ਸਿੰਘ, ਸੁਲਤਾਨ ਸਿੰਘ, ਅਵਤਾਰ ਕੌਰ ਵਡਿਆਲ,ਸੋਹਣ ਲਾਲ ਢੇਰ ਸਮੇਤ ਹੋਰ ਵੀ ਕਿਸਾਨ ਮਜ਼ਦੂਰ ਹਾਜ਼ਰ ਸਨ। ਇਸ ਰੋਸ ਪ੍ਰਦਰਸ਼ਨ ਨੂੰ ਦੇਖਦਿਆਂ ਪੁਲਿਸ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਸਨ।

# ਯੂਨੀਫ਼ਾਰਮ ਸਿਵਲ ਕੋਡ ’ਤੇ ਆਨੰਦ ਕਾਲਜ ’ਚ ਸੈਮੀਨਾਰ ਕਰਵਾਇਆ

## ਧੀਆਂ ਦੀ ਸੁਰੱਖਿਆ ਚਾਹੁਣ ਵਾਲੇ ਯੂ. ਸੀ. ਸੀ. ਦੇ ਖ਼ਿਲਾਫ਼ ਨਹੀਂ : ਸੁਬੁਹੀ ਖਾਨ

## ਯੂਸੀਸੀ ਸਾਰੇ ਨਾਗਰਿਕਾਂ ਲਈ ਬਰਾਬਰ ਅਧਿਕਾਰਾਂ ਦੀ ਵਕਾਲਤ ਕਰਦੀ ਹੈ : ਜਸਵਿੰਦਰ ਢਿੱਲੋਂ



**• ਅੰਮ੍ਰਿਤਸਰ**

ਕੌਮੀ ਘੱਟ ਗਿਣਤੀ ਕਮਿਸ਼ਨ (ਐਨ ਸੀ ਐਮ) ਦੇ ਸਹਿਯੋਗ ਨਾਲ ਆਨੰਦ ਗਰੁੱਪ ਆਫ਼ ਕਾਲਜ ਵੱਲੋਂ ਯੂਨੀਫ਼ਾਰਮ ਸਿਵਲ ਕੋਡ ( ਯੂ.ਸੀ.ਸੀ.)ਵਿਸ਼ੇ ’ਤੇ ਕਰਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਰਾਸ਼ਟਰੀ ਜਾਗ੍ਰਿਤੀ ਅਭਿਆਨ ਦੇ ਆਗੂ ਅਤੇ ਸੁਪਰੀਮ ਕੋਰਟ ਦੇ ਨਾਮਵਰ ਮੁਸਲਿਮ ਮਹਿਲਾ ਵਕੀਲ ਸੁਬੂਹੀ ਯੂਸੁਫਜਾਈ ਖਾਨ ਨੇ ਯੂਸੀਸੀ ਦੀ ਵਕਾਲਤ ਕੀਤੀ ਤੇ ਕਿਹਾ ਕਿ ਬੇਟੀਆਂ ਦੀ ਸੁਰੱਖਿਆ ਚਾਹੁਣ ਵਾਲਾ ਕੋਈ ਵੀ ਵਿਅਕਤੀ ਯੂਨੀਫ਼ਾਰਮ ਸਿਵਲ ਕੋਡ ਦੇ ਖ਼?ਲਾਫ਼ ਨਹੀਂ ਹੋਵੇਗਾ। ਉੱਥੇ ਹੀ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸਿੱਖ ਕੌਮ ਨੂੰ ਗੁਰਮਤਿ ਦ੍ਰਿਸ਼ਟੀਕੋਣ ਅਪਣਾ ਕੇ ਯੂਸੀਸੀ ਦੇ ਮਾਮਲੇ ’ਚ ਭਾਰਤ ਦੀ ਅਗਵਾਈ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਆਨੰਦ ਕਾਲਜ, ਅੰਮ੍ਰਿਤਸਰ ਵਿਖੇ ਕਰਾਏ ਗਏ ਸੈਮੀਨਾਰ ਮੌਕੇ ਮੁੱਖ ਮਹਿਮਾਨ ਸੁਬੁਹੀ ਖਾਨ ਤੋਂ ਇਲਾਵਾ ਸੈਮੀਨਾਰ ਦੇ ਮੇਜ਼ਬਾਨ ਚੇਅਰਮੈਨ ਐਮ ਐਮ ਆਨੰਦ, ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਆਗੂ ਡਾ. ਜਸਵਿੰਦਰ ਸਿੰਘ ਢਿੱਲੋਂ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ. ਸਰਚਾਂਦ ਸਿੰਘ ਖਿਆਲਾ, ਜੀਐਨਡੀਯੂ ਦੇ ਸੰਸਕ੍ਰਿਤ ਵਿਭਾਗ ਦੇ ਮੁਖੀ ਡਾ. ਵਿਸ਼ਾਲ ਭਾਰਦਵਾਜ, ਪ੍ਰਿੰਸੀਪਲ ਕੰਵਲਜੀਤ ਕੌਰ ਅਤੇ ਆਲਮਬੀਰ ਸਿੰਘ ਸੰਧੂ ਨੇ ਸ਼ਮ?ਹਾ ਰੌਸ਼ਨ ਕੀਤਾ।

ਐਡਵੋਕੇਟ ਸੁਬੂਹੀ ਖਾਨ ਨੇ ਕਿਹਾ ਕਿ ਦੇਸ਼ ’ਚ ਇਕ ਸਮਾਨ ਸਿਵਲ ਕੋਡ ਲਾਗੂ ਕਰਨਾ ਬਹੁਤ ਜ਼ਰੂਰੀ ਹੈ, ਇਸ ਨਾਲ ਮਹਿਲਾਵਾਂ ਦੇ ਅਧਿਕਾਰਾਂ ਨੂੰ ਮਜ਼ਬੂਤੀ ਮਿਲੇਗੀ ਅਤੇ ਦੇਸ਼ ਤੇ ਸਮਾਜ ’ਚ ਵੀ ਇਕਸਾਰਤਾ ਆਵੇਗੀ, ਪਰ ਅੰਤਰਰਾਸ਼ਟਰੀ ਤਾਕਤਾਂ ਨਹੀਂ ਚਾਹੁੰਦੀਆਂ ਕਿ ਭਾਰਤ ਇਕ ਵਿਚਾਰਧਾਰਾ ਵਿਚ ਬੱਝ ਸਕੇ। ਉਨ੍ਹਾਂ ਕਿਹਾ ਕਿ ਜੇਕਰ ਆਤੰਕਵਾਦ ਨੂੰ ਖ਼ਤਮ ਕਰਨਾ ਹੈ ਤਾਂ ਪਹਿਲਾਂ ਕੱਟੜਵਾਦ ਨੂੰ ਖ਼ਤਮ ਕਰਨਾ ਪਵੇਗਾ, ਕੱਟੜਵਾਦ ਦੇ ਖ਼ਾਤਮੇ ਨਾਲ ਹੀ ਅਤਿਵਾਦ ਖ਼ੁਦ ਖ਼ਤਮ ਹੋ ਜਾਵੇਗਾ, ਪਰ ਕੱਟੜਵਾਦ ਦੇ ਠੇਕੇਦਾਰ ਅਜਿਹਾ ਨਹੀਂ ਹੋਣ ਦੇਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਯੂਸੀਸੀ ਨੂੰ ਧਰਮ ਨਾਲ ਜੋੜਨ ਦੀ ਕੋਸ਼ਿਸ਼ ’ਚ ਲੱਗੇ ਕੁਝ ਲੋਕ ਇਹ ਨਹੀਂ ਚਾਹੁੰਦੇ ਕਿ ਮੁਸਲਿਮ ਔਰਤਾਂ ਅੱਗੇ ਵਧਣ ਅਤੇ ਸਮਾਜ ਵਿਚ ਆਪਣਾ ਸਥਾਨ ਬਣਾਉਣ। ਸਮਾਜਿਕ ਕੁਰੀਤੀਆਂ ਨੂੰ ਉਜਾਗਰ ਕਰਨ ਦੇ ਨਾਲ ਨਾਲ ਉਨਾਂ ਮੁਸਲਿਮ ਪਰਸਨਲ ਲਾਅ ਦੀਆਂ ਖ਼ਾਮੀਆਂ ਨੂੰ ਵੀ ਨਸ਼ਰ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਅਪਰਾਧ ਲਈ ਇਕ ਹੀ ਫੌਜਦਾਰੀ ਕਾਨੂੰਨ ਹੈ। ਪਰ ਸਿਵਲ ਲਾਅ ਵੱਖ ਵੱਖ ਹਨ। ਧਰਮ ਦੀ ਆੜ ’ਚ ਰੂੜ੍ਹੀਵਾਦੀ ਤੱਤ ਲੜਕੀਆਂ ਨਾਲ ਧੱਕਾ ਕਰਦੇ ਹਨ। ਉਨ੍ਹਾਂ ਕਿਹਾ ਕਿ ਯੂਸੀਸੀ ਇਕ ਸੰਵਿਧਾਨਕ ਵਰਤਾਰਾ ਹੈ, ਇਸ ਨੂੰ ਲਾਗੂ ਕਰਾਉਣ ’ਚ ਕਿਸੇ ਵੀ ਸਿਆਸੀ ਪਾਰਟੀ ਦੀ ਕੋਈ ਭੂਮਿਕਾ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤ ’ਚ ਮੁਸਲਿਮ ਅਲਪ ਸੰਖਿਅਕ ਨਹੀਂ ਹਨ ਸਗੋਂ ਦੂਜੀ ਸਭ ਤੋਂ ਵੱਡੀ ਬਹੁਗਿਣਤੀ ਹਨ ।

ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਆਗੂ ਤੇ ਐਨ ਸੀ ਐਮ ਦੇ ਸਲਾਹਕਾਰ ਡਾ. ਜਸਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਯੂਸੀਸੀ ਸਾਰੇ ਨਾਗਰਿਕਾਂ ਲਈ ਬਰਾਬਰ ਅਧਿਕਾਰਾਂ ਦੀ ਵਕਾਲਤ ਕਰਦੀ ਹੈ। ਦੇਸ਼ ਨੂੰ ਅੱਗੇ ਲਿਜਾਣ ਲਈ ਸਾਰੇ ਭਾਈਚਾਰਿਆਂ ਲਈ ਕਾਨੂੰਨ ਦੀ ਦੋਹਰੀ ਵਿਵਸਥਾ ਦੀ ਲੋੜ ਨਹੀਂ। ਇਕਸਾਰ ਸਿਵਲ ਕੋਡ ਰਾਸ਼ਟਰੀ ਏਕਤਾ ਦੇ ਮਕਸਦ ’ਚ ਮਦਦ ਕਰੇਗਾ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸਿੱਖ ਚਿੰਤਕ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ. ਸਰਚਾਂਦ ਸਿੰਘ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਯੂਸੀਸੀ ਦਾ ਵਿਰੋਧ ਕਰ ਕੇ ਮਾਨਵੀ ਬਰਾਬਰੀ ਅਤੇ ਮਜਲੂਮਾਂ ਦੇ ਹਿਤਾਂ ਦੀ ਰਾਖੀ ਵਰਗੇ ਗੁਰਮਤਿ ਦੇ ਉਦੇਸ਼ਾਂ ਅਤੇ ਉਪਦੇਸ਼ਾਂ ਨੂੰ ਕੁਝ ਆਪਣਿਆਂ ਵੱਲੋਂ ਹੀ ਛੁਟਿਆਉਣ ਦਾ ਚੱਲਣ ਪੈਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗੁਰਮਤਿ ਫ਼ਲਸਫ਼ਾ ਹਮੇਸ਼ਾਂ ਔਰਤਾਂ ਅਤੇ ਮਜਲੂਮਾਂ ਦੀ ਰਾਖੀ ਦਾ ਦਮ ਭਰ ਦਾ ਆਇਆ ਹੈ। ਔਰਤਾਂ ਅਤੇ ਮਜਲੂਮਾਂ ਦੇ ਹਿਤਾਂ ਦੀ ਸੁਰੱਖਿਆ ਨੂੰ ਸਮਰਪਿਤ ਯੂਸੀਸੀ ਦਾ ਵਿਰੋਧ ਕਰਨਾ ਗੁਰਮਤਿ ਸਿਧਾਂਤ ਅਤੇ ਇਸ ਦੀ ਮੂਲ ਭਾਵਨਾ ਦੇ ਪ੍ਰਤੀਕੂਲ ਹੈ। ਉਨ੍ਹਾਂ ਕਿਹਾ ਕਿ ਯੂਸੀਸੀ ਦੇ ਲਾਗੂ ਹੋਣ ਨਾਲ ਆਨੰਦ ਕਾਰਜ ਮੈਰਿਜ ਐਕਟ ’ਤੇ ਕੋਈ ਅਸਰ ਨਹੀਂ ਪਵੇਗਾ, ਪਰ ਇਸ ਐਕਟ ਦੇ ਪੰਜਾਬ ਵਿਚ ਲਾਗੂ ਨਾ ਹੋਣ ’ਤੇ ਉਨ੍ਹਾਂ ਪੰਜਾਬ ਸਰਕਾਰ ਨੂੰ ਆੜੇ ਵੀ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਇਕਸਾਰ ਸਿਵਲ ਕੋਡ ਦੇ ਲਾਗੂ ਹੋਣ ਨਾਲ ਧਰਮ ਪਾਲਣਾ ਦੀ ਆਜ਼ਾਦੀ ਸੀਮਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਪਰ ਹਰ ਵਿਅਕਤੀ ਨਾਲ ਇੱਕੋ ਜਿਹਾ ਵਿਵਹਾਰ ਜਰੂਰ ਕੀਤਾ ਜਾਵੇਗਾ। ਉਨ੍ਹਾਂ ਪਰਸਨਲ ਲਾਅ ਆਦਿ ਨੂੰ ਧਰਮ ਨਿਰਪੱਖ ਰਾਸ਼ਟਰ ਦੇ ਨਿਰਮਾਣ ’ਚ ਵੱਡਾ ਅੜਿੱਕਾ ਦੱਸਦਿਆਂ ਕਿਹਾ ਕਿ ਭਾਰਤ ਦੀ ਅਜ਼ਾਦੀ ਉਦੋਂ ਤੱਕ ਅਧੂਰੀ ਹੈ ਜਦੋਂ ਤੱਕ ਇੱਥੋਂ ਦੇ ਹਰੇਕ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਨਹੀਂ ਮਿਲ ਜਾਂਦੇ। ਡਾ. ਵਿਸ਼ਾਲ ਭਾਰਦਵਾਜ ਨੇ ਕਿਹਾ ਕਿ ਧਾਰਮਿਕ ਗਲਬੇ ਦੀ ਆੜ ’ਚ ਪ੍ਰਚਲਿਤ ਗੈਰ ਸੰਵਿਧਾਨਕ ਅਤੇ ਗੈਰ ਸਿਹਤਮੰਦ ਪ੍ਰਥਾਵਾਂ ਨਿੰਦਣਯੋਗ ਹਨ। ਭਾਰਤੀ ਸੰਵਿਧਾਨ ਦਾ ਮਨੋਰਥ ਹੀ ਰਾਸ਼ਟਰੀ ਏਕਤਾ, ਇਕ ਜੁੱਟਤਾ, ਇਕ ਜਮਹੂਰੀ ਅਤੇ ਨਿਰਪੱਖ ਸਮਾਜ ਦੀ ਸਿਰਜਣਾ ਹੈ। ਯੂਸੀਸੀ ਦੇ ਬਿਨਾ ਭਾਰਤ ’ਚ ਇੱਕ ਧਰਮ ਨਿਰਪੱਖ ਸਮਾਜ ਦਾ ਆਦਰਸ਼ ਪੂਰਾ ਨਹੀਂ ਹੋ ਸਕਦਾ। ਅਨੰਦ ਕਾਲਜ ਦੇ ਚੇਅਰਮੈਨ ਐਮ ਐਮ ਆਨੰਦ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤੀ। ਇਸ ਮੌਕੇ ਸੂਰਿਆ ਆਨੰਦ, ਪ੍ਰਿੰਸੀਪਲ ਕੰਵਲਜੀਤ ਕੌਰ, ਕੁਲਦੀਪ ਸਿੰਘ ਕਾਹਲੋਂ, ਆਲਮਬੀਰ ਸਿੰਘ ਸੰਧੂ ਤੇ ਅਰੁਣ ਸ਼ਰਮਾ ਵੀ ਮੌਜੂਦ ਸਨ।

# ਸ਼ੋਅ ਗੀਤ ਢੋਲੀ ਵਿੱਚ ਆਉਣ ਵਾਲਾ ਹੈ ਨਵਾਂ ਮੋੜ ਜੋ ਕਰ ਦੇਵੇਗਾ ਸਭ ਨੂੰ ਹੈਰਾਨ !




**•ਚੰਡੀਗੜ੍ਹ**

ਸ਼ੋਅ ਗੀਤ ਢੋਲੀ ਦੀ ਕਹਾਣੀ ਵਿੱਚ ਇੱਕ ਤੋਂ ਇੱਕ ਖੁਲਾਸੇ ਹੋ ਰਹੇ ਹਨ ਜਿਵੇਂ ਹੁਣੇ ਹੀ ਦਰਸ਼ਕਾਂ ਨੂੰ ਮਲਹਾਰ ਦੇ ਜਿੰਦਾ ਹੋਣ ਬਾਰੇ ਪਤਾ ਲੱਗ ਗਿਆ ਹੈ, ਉੱਥੇ ਹੀ ਦੂਸਰੇ ਪਾਸੇ ਮਹਿਰਾ ਪਰਿਵਾਰ ਦੇ ਤੀਜੇ ਪੁੱਤਰ ਜਾਣੀਕਿ ਸਮਰਾਟ ਦਾ ਖੁਲਾਸਾ ਹੋਣ ਵਾਲਾ ਹੈ। ਜਿਵੇਂ ਕਿ ਕਹਾਣੀ ਵਿੱਚ ਬਹੁਤ ਸਾਰੇ ਉਤਰਾਅ-ਚੜਾਅ ਚੱਲ ਰਹੇ ਹਨ ਜਿੱਥੇ ਦਾਦੀ ਨੂੰ ਪਤਾ ਲੱਗ ਜਾਂਦਾ ਹੈ ਕਿ ਸਮਰਾਟ ਪਿਛਲੇ ਪਤੀ ਤੋਂ ਉਸਦਾ ਪੋਤਾ ਹੈ ਜੋ ਮਹਿਰਾ ਪਰਿਵਾਰ ਵਿੱਚ ਆਇਆ ਹੈ। ਦੂਜੇ ਪਾਸੇ ਗੀਤ ਨੂੰ ਮਿਲਣ ਦੇ ਲਈ ਮਲਹਾਰ ਮਹਿਰਾ ਹਾਊਸ ਵੱਲ ਆਉਂਦਾ ਹੈ ਪਰ ਅਚਾਨਕ ਹੀ ਉਹ ਸਮਰਾਟ ਦੀ ਕਾਰ ਨਾਲ ਟਕਰਾ ਜਾਂਦਾ ਹੈ ਤੇ ਜ਼ਮੀਨ ਤੇ ਜਖਮੀ ਹਾਲਤ ਵਿੱਚ ਡਿੱਗ ਜਾਂਦਾ ਹੈ। ਆਖਿਰ ਦਾਦੀ, ਮਹਿਰਾ ਪਰਿਵਾਰ ਤੋਂ ਕੀ ਛਿਪਾ ਰਹੀ ਹੈ? ਆਖਿਰ ਜੇ.ਕੇ. ਮਹਿਰਾ, ਦਾਦੀ ਤੋਂ ਇੰਨਾ ਨਾਰਾਜ਼ ਕਿਉਂ ਹੈ? ਕੀ ਸਿਮੌਨ, ਮਲਹਾਰ ਨੂੰ ਦੇਖ ਲਵੇਗੀ? ਕਹਾਣੀ ਵਿੱਚ ਅੱਗੇ ਕੀ ਹੋਵੇਗਾ ਇਹ ਜਾਣਨ ਲਈ, ਰਾਤ 8 ਵਜੇ ਗੀਤ ਢੋਲੀ ਦੇਖੋ ਸਿਰਫ ਜ਼ੀ ਪੰਜਾਬੀ 'ਤੇ।



# ਭਾਵਤ ਖੇਤਰਾ ਵਿੱਚ ਅਤੇ ਇੰਡਸਟਰੀਅਲ ਏਰੀਆ ਵਿੱਚ ਮੈਡੀਕਲ ਕੈਪ ਲਗਾਇਆ

**• ਸਹੀਦ ਭਗਤ ਸਿੰਘ ਨਗਰ**

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਤਵਿੰਦਰ ਪਾਲ ਸਿੰਘ ਜੀ ਦੀਆਂ ਹਿਦਾਇਤਾਂ ਅਨੁਸਾਰ ਅਤੇ ਲਲਿਤ ਮੋਹਨ ਪਾਠਕ ਜੀ ਦੇ ਸਹਿਯੋਗ ਨਾਲ਼ ਫਲੱਡ ਪ?ਭਾਵਿਤ ਅਰਬਨ ਖੇਤਰਾਂ ਵਿੱਚ ਅਤੇ ਇੰਡਸਟਰੀਅਲ ਏਰੀਆ ਦੇ ਵਾਰਡ ਨੰਬਰ 18 ਵਿੱਚ ਮੈਡੀਕਲ ਕੈਪ ਲਗਾਇਆ ਗਿਆ ਅਤੇ ਬਰਸਾਤੀ ਬਿਮਾਰੀਆਂ ਤੇ ਡੇਂਗੂ-ਮਲੇਰੀਆ ਦੀ ਰੋਕਥਾਮ ਲਈ ਜਾਗਰੂਕਤਾ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ।ਇਸ ਮੁਹਿੰਮ ਤਹਿਤ ਜਿਲ੍ਹ?ਹਾ ਹਸਪਤਾਲ ਨਵਾਂਸ਼ਹਿਰ ਵਲੋ ਅੱਜ ਇੰਡਸਟਰੀਅਲ ਏਰੀਆ ਵਿਖੇ ਮੈਡੀਕਲ ਅਤੇ ਬਰਸਾਤੀ ਬਿਮਾਰੀਆਂ ਤੇ ਮਲੇਰੀਆ ਅਤੇ ਡੇਂਗੂ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਤਰਸੇਮ ਲਾਲ ਵਲੋ ਆਏ ਹੋਏ ਲੋਕਾਂ ਨੂੰ ਬਰਸਾਤੀ ਬਿਮਾਰੀਆਂ , ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਬਾਰੇ ਸਿਹਤ ਸਿੱਖਿਆ ਦਿੱਤੀ। ਉਨ੍ਹਾਂ ਕਿਹਾ ਕਿ ਮਲੇਰੀਆ ਅਤੇ ਡੇਂਗੂ ਦੀ ਬਿਮਾਰੀ ਤੋਂ ਡਰਣ ਦੀ ਲੋੜ ਨਹੀਂ, ਬਲਕਿ ਇਸਤੋਂ ਬਚਣ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੀ ਜ਼ਰੂਰਤ ਹੈ। ਡੇਂਗੂ ਬੁਖਾਰ ਏਡੀਜ਼ ਅਜੈਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ 'ਚ ਪੈਦਾ ਹੁੰਦਾ ਹੈ। ਇਸ ਲਈ ਸਾਰਿਆਂ ਨੂੰ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ। ਘਰਾਂ ਵਿੱਚ ਵਾਧੂ ਪਏ ਸਮਾਨ ਜਿਵੇਂ ਟਾਇਰ, ਟੁੱਟੇ ਘੜੇ ਅਤੇ ਗਮਲੇ ਵਿੱਚ ਪਾਣੀ ਖੜਣ ਨਹੀਂ ਦੇਣਾ ਚਾਹੀਦਾ। ਉਨ੍ਹਾਂ ਮੱਛਰਦਾਨੀਆਂ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਵਰਤੋਂ ਕਰਨ, ਸਾਰੇ ਸਰੀਰ ਨੂੰ ਢੱਕ ਕੇ ਰੱਖਣ ਵਾਲੇ ਕੱਪੜੇ ਪਾਉਣ, ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦੇਣ, ਘਰ ਵਿੱਚ ਪਾਣੀ ਵਾਲੀਆਂ ਟੈਂਕੀਆਂ ਨੂੰ ਢੱਕ ਕੇ ਰੱਖਣ ਦੀ ਸਲਾਹ ਵੀ ਦਿੱਤੀ ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸ਼ਹਿਰਾਂ ਦੇ ਵੱਖ-ਵੱਖ ਖੇਤਰਾਂ ਅਤੇ ਹਾਈ ਰਿਸਕ ਏਰੀਏ ਜਾ ਕੇ ਘਰ ਘਰ ਸਰਵੇ ਕੀਤਾ ਜਾ ਰਿਹਾ ਹੈ ਅਤੇ ਘਰਾਂ ਵਿੱਚ ਖੜ੍ਹੇ ਪਾਣੀ ਵਿੱਚ ਪੈਦਾ ਹੋ ਰਹੇ ਮੱਛਰਾਂ ਦੇ ਲਾਰਵੇ ਨੂੰ ਮੌਕੇ 'ਤੇ ਨਸ਼ਟ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਰੋਕਣ ਲਈ ਆਮ ਲੋਕ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਸਹਿਯੋਗ ਕਰਨ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸਬੰਧੀ ਕੋਈ ਲੱਛਣ ਜਿਵੇਂ ਤੇਜ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਅਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ 'ਚ ਜਾ ਕੇ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਡੇਂਗੂ ਦਾ ਟੈਸਟ ਜਰੂਰ ਕਰਵਾਇਆ ਜਾਵੇ ਅਤੇ ਡੇਂਗੂ ਪਾਜੇਟਿਵ ਆਉਣ ਦੀ ਸੂਰਤ ਵਿੱਚ ਮਾਹਿਰ ਡਾਕਟਰ ਤੋਂ ਸੰਪੂਰਨ ਇਲਾਜ ਕਰਵਾਇਆ ਜਾਵੇ। ਡੇਂਗੂ ਦੇ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਡਾਕਟਰ ਇੰਦੂ ਕਟਾਰੀਆ,ਐਮ.ਸੀ.ਗੁਰਮੁੱਖ ਸਿੰਘ ਕਮਲਦੀਪ ਸਿੰਘ ਐਮ.ਐਲ.ਟੀ.ਜੋਤੀ ਏ.ਐਨ.ਐਮ .ਨਰੇਸ਼ ਕੁਮਾਰ, ਸੀਲਾ ਦੇਵੀ ਆਸਾ ਅਤੇ ਲੋਕਾਂ ਵਲੋ ਸੰਪੂਰਨ ਸਹਿਜੋਗ ਦਿੱਤਾ ਗਿਆ ।

# ਫਿਲੌਰ 'ਚ ਵੱਡੀ ਵਾਰਦਾਤ, ਲਾਡੋਵਾਲ ਟੋਲ ਪਲਾਜ਼ਾ ਦੇ ਮੈਨੇਜਰ ਤੋਂ ਲੁੱਟੀ 23 ਲੱਖ ਦੀ ਨਕਦੀ

- ਮੌਕੇ 'ਤੇ ਪਹੁੰਚੀ ਪੁਲਸ ਨੇ ਘਟਨਾ ਦਾ ਲਿਆ ਜਾਇਜ਼ਾ
- ਪੁਲਸ ਨੇ ਪੂਰੇ ਸਬ ਡਿਵੀਜ਼ਨ ਵਿਚ ਹਾਈ ਅਲਰਟ ਕਰਕੇ ਗੱਡੀਆਂ ਦੀ ਤਲਾਸ਼ੀ ਲੈਣੀ ਕਿੱਤੀ ਸ਼ੁਰੂ



**ਫਿਲੌਰ/ਗੁਰਜੰਟ ਸਿੰਘ ਨੱਤ**

ਫਿਲੌਰ ਵਿਖੇ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਥੇ ਲਾਡੋਵਾਲ ਟੋਲ ਪਲਾਜ਼ਾ ਦੇ ਮੈਨੇਜਰ ਦੀ ਕਾਰ ਨੂੰ ਲੁਟੇਰਿਆਂ ਨੇ ਘੇਰ ਲਿਆ ਅਤੇ ਉਸ ਕੋਲੋਂ 23.30 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਮਿਲੀ ਜਾਣਕਾਰੀ ਮੁਤਾਬਕ ਲਾਡੋਵਾਲ ਟੋਲ ਪਲਾਜ਼ਾ ਦਾ ਮੈਨੇਜਰ ਆਪਣੀ ਬੋਲੈਰੋ ਗੱਡੀ ਵਿਚ ਸਵਾਰ ਹੋ ਕੇ ਫਿਲੌਰ ਵਿਖੇ ਬੱਸ ਸਟੈਂਡ ਨੇੜੇ ਪੰਜਾਬ ਨੈਸ਼ਨਲ ਬੈਂਕ ਵਿਚ ਨਕਦੀ ਜਮਹਾ ਕਰਵਾਉਣ ਆ ਰਿਹਾ ਸੀ ਕਿ ਇਸੇ ਦੌਰਾਨ ਲੁਟੇਰਿਆਂ ਦੀਆਂ ਦੋ ਗੱਡੀਆਂ ਆਈਆਂ। ਇਕ ਗੱਡੀ ਮੈਨੇਜਰ ਦੀ ਗੱਡੀ ਅੱਗੇ ਲੱਗ ਗਈ ਅਤੇ ਦੂਜੀ ਗੱਡੀ ਉਸ ਦੇ ਪਿੱਛੇ ਲੱਗ ਗਈ। ਇਹ ਵੀ ਪਤਾ ਲੱਗਾ ਹੈ ਕਿ ਮੈਨੇਜਰ ਦੇ ਡਰਾਈਵਰ ਨੇ ਆਪਣੀ ਗੱਡੀ ਨੂੰ ਅੰਦਰੋਂ ਲਾਕ ਕਰ ਲਿਆ ਸੀ। ਲੁਟੇਰਿਆਂ ਨੇ ਮੈਨੇਜਰ ਦੀ ਗੱਡੀ ਨੂੰ ਘੇਰਦੇ ਹੋਏ ਤੋੜ ਕੇ ਉਸ ਦੇ ਅੰਦਰ ਪਿਆ 23.30 ਲੱਖ ਦਾ ਕੈਸ਼ ਕੱਢ ਲਿਆ ਅਤੇ ਫਰਾਰ ਹੋ ਗਏ। ਮੌਕੇ 'ਤੇ ਪਹੁੰਚੀ ਪੁਲਸ ਨੇ ਘਟਨਾ ਦਾ ਜਾਇਜ਼ਾ ਲਿਆ। ਪੁਲਸ ਨੇ ਪੂਰੇ ਸਬ ਡਿਵੀਜ਼ਨ ਵਿਚ ਹਾਈ ਅਲਰਟ ਕਰਕੇ ਗੱਡੀਆਂ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ ਹੈ। ਪੁਲਸ ਦਾ ਕਹਿਣਾ ਹੈ ਕਿ ਲੁਟੇਰੇ ਜਲਦੀ ਹੀ ਗ੍ਰਿਫ਼ਤਾਰ ਕਰ ਲਏ ਜਾਣਗੇ।

# ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਤੋਂ ਵਿਜੀਲੈਂਸ ਨੇ 5 ਘੰਟੇ ਕੀਤੀ ਪੁੱਛਗਿੱਛ

**• ਲੁਧਿਆਣਾ (ਗੁਰਜੰਟ ਸਿੰਘ ਨੱਤ)**

ਵਿਜੀਲੈਂਸ ਵਿਭਾਗ ਨੇ ਸਾਬਕਾ ਵਿੱਤ ਮੰਤਰੀ ਅਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਤੋਂ ਇਕ ਵਿਵਾਦਤ ਮਾਮਲੇ 'ਚ 5 ਘੰਟੇ ਪੁੱਛਗਿੱਛ ਕੀਤੀ। ਵਿਜੀਲੈਂਸ ਵਿਭਾਗ ਦੇ ਐੱਸ. ਐੱਸ. ਪੀ. ਹਰਪਾਲ ਸਿੰਘ ਅਤੇ ਡੀ. ਐੱਸ. ਪੀ. ਸਮੇਤ ਅੱਧੀ ਦਰਜਨ ਅਧਿਕਾਰੀਆਂ ਨੇ ਮਨਪ੍ਰੀਤ ਬਾਦਲ ਨੂੰ ਕਈ ਸਵਾਲ ਪੁੱਛੇ। ਇਸ 'ਤੇ ਉਨ੍ਹਾਂ ਨੇ ਲਕੀਰ ਫੇਰ ਦਿੱਤੀ ਅਤੇ ਦਸਤਾਵੇਜ਼ ਵੀ ਪੇਸ਼ ਕੀਤੇ ਪਰ ਵਿਜੀਲੈਂਸ ਵਿਭਾਗ ਉਨ੍ਹਾਂ ਤੋਂ ਸੰਤੁਸ਼ਟ ਨਹੀਂ ਹੋਇਆ।



ਵਿਜੀਲੈਂਸ ਵਿਭਾਗ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਦੇ ਜਵਾਬਾਂ ਦੀ ਸਮੀਖਿਆ ਕਰਨਗੇ ਅਤੇ ਜੇਕਰ ਲੋੜ ਪਈ ਤਾਂ ਉਨ੍ਹਾਂ ਨੂੰ ਦੁਬਾਰਾ ਪੁੱਛਗਿੱਛ ਲਈ ਸੱਦਿਆ ਜਾ ਸਕਦਾ ਹੈ। ਇਹ ਮਾਮਲਾ ਪੁੱਡਾ ਦੀ ਕਮਰਸ਼ੀਅਲ ਜ਼ਮੀਨ ਨੂੰ ਰਿਹਾਇਸ਼ੀ ਵਜੋਂ ਖਰੀਦਣ ਨਾਲ ਸਬੰਧਿਤ ਸੀ। ਵਿਜੀਲੈਂਸ ਦਫ਼ਤਰ ਤੋਂ ਬਾਹਰ ਆ ਕੇ ਮਨਪ੍ਰੀਤ ਬਾਦਲ ਨੇ ਮੀਡੀਆ ਸਾਹਮਣੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਉਹ ਰਾਜਾ ਵੜਿੰਗ ਨਹੀਂ ਹਨ, ਜੋ ਟੋਪੀ ਪਾ ਕੇ ਅਤੇ ਮਾਸਕ ਪਾ ਕੇ ਪੈਰ ਛੂੰਹਦੇ ਹੈ।

ਮਨਪ੍ਰੀਤ ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਕੋਈ ਗਲਤ ਕੰਮ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਨੂੰ ਡਰਨ ਦੀ ਲੋੜ ਹੈ, ਉਹ ਦੋਸ਼ਾਂ ਦਾ ਸਾਹਮਣਾ ਕਰਨ ਲਈ ਤਿਆਰ ਹਨ।

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਪੇਂਡੂ ਮਜ਼ਦੂਰ ਯੂਨੀਅਨ ਆਗੂਆਂ ਨਾਲ ਹੋਈ ਮੀਟਿੰਗ



• ਸਹੀਦ ਭਗਤ ਸਿੰਘ ਨਗਰ

ਮਨਰੇਗਾ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਦੇ ਹੱਲ ਲਈ ਡਿਪਟੀ ਕਮਿਸ਼ਨਰ ਵਲੋਂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂਆਂ ਨਾਲ ਮੀਟਿੰਗ ਕਰਕੇ ਕਈ ਮੰਗਾਂ ਨੂੰ ਹੱਲ ਕਰਨ ਲਈ ਸਹਿਮਤੀ ਦਿੱਤੀ ਗਈ।ਮੀਟਿੰਗ ਵਿੱਚ ਪ੍ਰਸ਼ਾਸਨ ਵਲੋਂ ਡੀਸੀ ਤੋਂ ਇਲਾਵਾ ਏਡੀਸੀ ਵਿਕਾਸ,ਲੋਕਪਾਲ ਮਗਨਰੇਗਾ, ਜ਼ਿਲ੍ਹੇ ਦੇ ਸਮੂਹ ਬਲਾਕਾਂ ਦੇ ਬੀਡੀਪੀਓ,ਏਪੀਓ, ਡੀ.ਪੀ.ਆਰ.ਆਓ. ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਯੂਨੀਅਨ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ, ਕਮਲਜੀਤ ਸਨਾਵਾ,ਹਰੀ ਰਾਮ ਰਸੂਲਪੁਰੀ, ਬਗੀਚਾ ਸਿੰਘ ਸਹੂੰਗੜਾ,ਨੀਲਮ ਰਾਣੀ,ਸੁਰਿੰਦਰ ਮੀਰਪੁਰ, ਪ੍ਰੇਮ ਸ਼ਹਾਬਪੁਰ, ਰੂਪ ਲਾਲ,ਮਦਨ ਲਾਲ ਨੱਥਾ ਨੰਗਲ ,ਪਰਮਜੀਤ ਕੌਰ ਕਰੀਹਾ ਅਤੇ ਲਾਡੀ ਕੋਟ ਰਾਂਝਾਂ ਸਮੇਤ ਹੋਰ ਕਮੇਟੀ ਦੇ ਮੈਂਬਰ ਹਾਜ਼ਿਰ ਹੋਏ।ਯੂਨੀਅਨ ਆਗੂ ਕਮਲਜੀਤ ਸਨਾਵਾ,ਬਗੀਚਾ ਸਿੰਘ ਸਹੂੰਗੜਾ ਅਤੇ ਨੀਲਮ ਰਾਣੀ ਨੇ ਦੱਸਿਆ ਕਿ ਮੀਟਿੰਗ ਵਿੱਚ ਡੀਸੀ ਨੇ ਮੰਨਿਆ ਕਿ ਮਗਨਰੇਗਾ ਵਿੱਚ ਹੋ ਰਹੇ ਘਪਲੇਬਾਜ਼ੀ ਕਰਨ ਲਈ ਜ਼ਿੰਮੇਵਾਰਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ, ਮਗਨਰੇਗਾ ਵਰਕਰਾਂ ਦੀ ਹਾਜ਼ਰੀ ਜੌਬ ਕਾਰਡ ਉੱਪਰ ਲਗਾਉਣੀ ਯਕੀਨੀ ਬਣਾਈ ਜਾਵੇਗੀ, ਪਿੰਡ ਤੋਂ ਬਾਹਰ ਕੰਮ ਉੱਤੇ ਜਾਣ ਆਉਣ ਵਾਲੇ ਮਗਨਰੇਗਾ ਵਰਕਰਾਂ ਨੂੰ ਕਿਰਾਇਆਂ ਭਾੜਾ ਦਿੱਤਾ ਜਾਵੇਗਾ, ਮਗਨਰੇਗਾ ਵਿੱਚ ਪਾਰਦਰਸ਼ਤਾ ਲਿਆਉਣ ਲਈ ਸੋਸ਼ਲ ਆਡਿਟ ਕਰਵਾਇਆ ਜਾਵੇਗਾ, ਕੰਮ ਮੰਗਣ ਵਾਲੇ ਵਰਕਰਾਂ ਨੂੰ 15 ਦਿਨ ਦੇ ਅੰਦਰ ਅੰਦਰ ਕੰਮ ਮੁਹੱਈਆ ਕਰਵਾਇਆ ਜਾਵੇਗਾ ਅਤੇ ਕੀਤੇ ਕੰਮ ਦਾ ਮਿਹਨਤਾਨਾਂ ਜਲਦ ਹੀ ਮਗਨਰੇਗਾ ਵਰਕਰਾਂ ਦੇ ਖਾਤਿਆਂ ਵਿੱਚ ਪਾ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਮਸਟਰੋਲਜ਼ ਦੀ ਇੱਕ ਇੱਕ ਕਾਪੀ ਪਿੰਡਾਂ ਦੀਆਂ ਜਨਤਕ ਥਾਵਾਂ ਉੱਪਰ ਲਗਾਉਣ ਦੀ ਮੰਗ ਉੱਤੇ ਡੀ.ਸੀ. ਨੇ ਕਿਹਾ ਕਿ ਜਿਹਨਾਂ ਚਿਰ ਫੰਡਾਂ ਦਾ ਪ੍ਰਬੰਧ ਨਹੀਂ ਹੋ ਜਾਂਦਾ ਪਿੰਡਾਂ ਦੇ ਸਰਪੰਚ ਮਸਟਰੋਲਜ਼ ਦੀ ਕਾਪੀ ਜਨਤਕ ਥਾਵਾਂ ਉੱਤੇ ਲਾਉਣ ਦੇ ਪਾਬੰਦੀ ਹੋਣਗੇ।ਯੂਨੀਅਨ ਆਗੂਆਂ ਦੋਸ਼ ਲਗਾਉਂਦੇ ਹੋਏ ਕਿਹਾ ਕਿ ਮਗਨਰੇਗਾ ਵਿੱਚ ਭ੍ਰਿਸ਼ਟਾਚਾਰ ਸਿਖਰਾਂ ਛੂਹ ਰਿਹਾ,ਇਸ ਵਿੱਚ ਕੋਈ ਪਾਰਦਰਸ਼ਤਾ ਨਹੀਂ ਹੈ,ਜੌਬ ਕਾਰਡ ਉੱਪਰ ਕੋਈ ਹਾਜ਼ਰੀ ਨਹੀਂ ਲਗਾਈ ਜਾਂਦੀ ਅਤੇ ਨਾ ਹੀ ਪਿੰਡ ਤੋਂ ਬਾਹਰ ਆਉਣ ਜਾਣ ਵਾਲੇ ਵਰਕਰ ਨੂੰ ਕਿਰਾਇਆਂ ਭਾੜਾ ਮਿਲਦਾ ਉਪਰੋਂ ਨਿਗੂਣੀ ਦਿਹਾੜੀ ਉੱਪਰ ਮਜਬੂਰੀ ਵੱਸ ਕੰਮ ਕਰਨਾ ਪੈ ਰਿਹਾ ਹੈ। ਕੰਮ ਮੰਗਣ ਵਾਲੇ ਵਰਕਰਾਂ ਨੂੰ ਕੰਮ ਨਹੀਂ ਮਿਲਦਾ ਅਨੇਕਾਂ ਸਰਪੰਚ ਆਪਣੀ ਵੋਟ ਬੈਂਕ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਚਹੇਤਿਆਂ ਨੂੰ ਹੀ ਕੰਮ ਉੱਪਰ ਲਗਾਉਂਦੇ ਹਨ।ਉਨ੍ਹਾਂ ਮੀਟਿੰਗ ਵਿੱਚ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਉਠਾਉਂਦੇ ਹੋਏ ਨਮੂਨੇ ਵਜੋਂ ਪਿੰਡ ਨੱਥਾ ਨੰਗਲ ਬਲਾਕ ਬਲਾਚੌਰ ਦੇ ਇੱਕ ਵਿਅਕਤੀ ਪਿਆਰਾ ਲਾਲ ਪੁੱਤਰ ਬੰਤਾ ਰਾਮ ਦੇ ਨਾਂ ਉੱਤੇ ਇੱਕੋ ਵੇਲੇ ਉਹਨਾਂ ਤਾਰੀਖਾਂ 8 ਅਗਸਤ ਤੋਂ 22 ਅਗਸਤ 2009 ਅਤੇ 5 ਤੋਂ 14 ਅਗਸਤ 2009 ਦਰਮਿਆਨ ਦੋ ਮਸਟਰੋਲਜ਼ ਉੱਪਰ ਹਾਜ਼ਰੀਆਂ ਭਰ ਕੇ ਕੀਤੇ ਗਏ ਘਪਲੇ ਅਤੇ ਸ਼ਹਾਬਪੁਰ ਬਲਾਕ ਨਵਾਂਸ਼ਹਿਰ ਵਿਖੇ ਵਿਦੇਸ਼ ਬੈਠੇ ਅਮਨਦੀਪ ਸਿੰਘ ਅਤੇ ਬੱਧਨਜੀਤ ਸਿੰਘ ਨਾਮੀਂ ਵਿਅਕਤੀਆਂ ਨੂੰ ਕ?ਰੀਬ ਦੋ ਦੋ ਮਹੀਨਿਆਂ ਦੀਆਂ ਹਾਜ਼ਰੀਆਂ ਲਗਾ ਕੇ ਕ੍ਰਮਵਾਰ 10710, 13177 ਰੁਪਏ ਉਹਨਾਂ ਦੇ ਖਾਤਿਆਂ ਵਿੱਚ ਪਾ ਕੇ ਮਾਰੀ ਗਈ ਠੱਗੀ ਦਾ ਮਾਮਲਾ ਸਾਹਮਣੇ ਲਿਆਂਦਾ। ਇਸ ਪਿੰਡ ਦੇ ਹੀ ਵਸਨੀਕ ਦੱਸਕੇ ਇਕ ਹੋਰ ਵਿਅਕਤੀ ਦੇ ਖਾਤੇ ਵਿੱਚ 46 ਦਿਨ ਦੇ ਕੰਮ ਦੇ 11051 ਰੁਪਏ ਪਾਉਣ ਵਰਗੇ ਮਾਮਲੇ ਡੀ.ਸੀ. ਸਾਹਮਣੇ ਰੱਖੇ ਜਿਸ 'ਤੇ ਭ੍ਰਿਸ਼ਟਾਚਾਰ ਦੇ ਇਹਨਾਂ ਸਾਰੇ ਮਾਮਲਿਆਂ ਦੀ ਪੜਤਾਲ ਕਰਕੇ ਡੀਸੀ ਨੇ ਮੀਟਿੰਗ ਵਿੱਚ ਸਖ਼ਤ ਕਾਰਵਾਈ ਕਰਨ ਦੀ ਮੌਕੇ ਉੱਤੇ ਹੀ ਲੋਕਪਾਲ ਮਗਨਰੇਗਾ ਦੀ ਡਿਊਟੀ ਲਗਾਈ ਹੈ।ਯੂਨੀਅਨ ਨੇ ਮਗਨਰੇਗਾ ਵਰਕਰਾਂ ਨੂੰ ਆਪਣੀ ਮਰਜ਼ੀ ਦੀ ਔਰਤ ਮੇਟ ਚੁਣਨ , ਹਰ ਮਗਨਰੇਗਾ ਵਰਕਰ ਦੇ ਪਰਿਵਾਰ ਵਿੱਚ ਸਾਰੇ ਬਾਲਗ ਮੈਂਬਰਾਂ ਨੂੰ ਸਾਲ ਭਰ ਕੰਮ ਦੇਣ, ਮਹਿੰਗਾਈ ਅਨੁਸਾਰ ਮਗਨਰੇਗਾ ਸਮੇਤ ਹਰ ਖੇਤਰ ਵਿੱਚ ਦਿਹਾੜੀ 1000 ਰੁਪਏ ਕਰਨ ਅਤੇ ਮਗਨਰੇਗਾ ਵਿੱਚ ਮੇਟਾ ਨੂੰ ਸਿੱਖਿਅਤ ਕਾਮਿਆਂ ਵਾਲੀਆਂ ਸਹੂਲਤਾਂ ਦੇਣ ਤੇ ਸਾਲ ਭਰ ਕੰਮ ਦੇਣ ਦੀ ਸਰਕਾਰ ਤੋਂ ਮੰਗ ਵੀ ਕੀਤੀ।

# ਡਿਪਲੋਮਾ ਇੰਜੀਨੀਅਰਜ਼ ਐਸੋਸੀਏਸ਼ਨ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਦਿੱਤੀ ਇਕ ਦਿਨ ਦੀ ਤਨਖ਼ਾਹ

• ਲੁਧਿਆਣਾ/ਗੁਰਜੰਟ ਸਿੰਘ ਨੱਤ

ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਡਿਪਲੋਮਾ ਇੰਜੀਨੀਅਰਜ਼ ਐਸੋਸੀਏਸ਼ਨ ਦੇ ਮੈਂਬਰਾਂ ਨੇ ਆਪਣੀ ਇਕ ਦਿਨ ਦੀ ਤਨਖਾਹ 'ਮੁੱਖ ਮੰਤਰੀ ਰਾਹਤ ਫੰਡ' ਲਈ ਦਿੱਤੀ ਹੈ। ਐਸੋਸੀਏਸ਼ਨ ਦੇ ਲਗਭਗ 600 ਮੈਂਬਰ ਹਨ ਅਤੇ ਇਨ੍ਹਾਂ ਵੱਲੋਂ ਇਕ ਦਿਨ ਦੀ ਕਰੀਬ 15 ਲੱਖ ਰੁਪਏ ਦੀ ਤਨਖਾਹ ਹੜ੍ਹ ਪੀੜਤਾਂ ਦੀ ਮਦਦ ਲਈ ਦਿੱਤੀ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਅੱਜ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲ ਕੇ ਜੁਲਾਈ ਮਹੀਨੇ ਦੀ ਇਕ ਦਿਨ ਦੀ ਤਨਖਾਹ ਕੱਟਣ ਸਬੰਧੀ ਪੱਤਰ ਮੁੱਖ ਮੰਤਰੀ ਨੂੰ ਸੌਂਪਿਆ। ਇਸ ਐਸੋਸੀਏਸ਼ਨ ਵਿਚ ਜੂਨੀਅਰ ਇੰਜੀਨੀਅਰਜ਼, ਸਹਾਇਕ ਇੰਜੀਨੀਅਰ ਅਤੇ ਤਰੱਕੀ ਪ੍ਰਾਪਤ ਉਪਮੰਡਲ ਇੰਜੀਨੀਅਰਜ਼ ਸ਼ਾਮਲ ਹਨ।

ਇਸ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਤੋਂ ਇਲਾਵਾ ਪ੍ਰਧਾਨ ਕਰਮਜੀਤ ਸਿੰਘ ਬੀਹਲਾ, ਜਨਰਲ ਸਕੱਤਰ ਅਰਵਿੰਦ ਸੈਣੀ, ਵਿੱਤ ਸਕੱਤਰ ਕਮਰਜੀਤ ਸਿੰਘ ਮਾਨ, ਚੇਅਰਮੈਨ ਸੁਖਮਿੰਦਰ ਸਿੰਘ ਅਤੇ ਦੀਪਾਂਸ਼ ਗੁਪਤਾ ਹਾਜ਼ਰ ਸਨ।



# ਭਾਰਤੀ ਹਵਾਈ ਫੌਜ 'ਚ ਅਗਨੀਵੀਰ ਦੀਆਂ ਅਸਾਮੀਆਂ ਲਈ ਲੜਕੇ ਅਤੇ ਲੜਕੀਆਂ ਦੋਵੇਂ ਭਰ ਸਕਦੈ ਫਾਰਮ

• ਸਹੀਦ ਭਗਤ ਸਿੰਘ ਨਗਰ

ਡਿਪਟੀ ਕਮਿਸ਼ਨਰ—ਕਮ—ਚੇਅਰਮੈਨ, ਡੀ.ਬੀ.ਈ.ਈ. ਨਵਜੋਤ ਪਾਲ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਆਪਣੇ ਪੈਰਾਂ 'ਤੇ ਖੜਾ ਕਰਨ ਲਈ ਰੋਜ਼ਗਾਰ/ਸਵੈ—ਰੋਜ਼ਗਾਰ/ਹੁਨਰ ਸਿਖਲਾਈ ਰਾਹੀਂ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉੱਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਸੰਜੀਵ ਕੁਮਾਰ ਨੇ ਦੱਸਿਆ ਕਿ ਭਾਰਤੀ ਹਵਾਈ ਫੌਜ ਵਿੱਚ ਅਗਨੀਵੀਰ ਸਕੀਮ ਅਧੀਨ ਅਗਨੀਵੀਰ ਦੀਆਂ ਅਸਾਮੀਆਂ ਲਈ ਲੜਕੇ ਅਤੇ ਲੜਕੀਆਂ ਉਮੀਦਵਾਰ 27.07.2023 ਤੋਂ 17.08.2023 ਸ਼ਾਮ 11:00 ਵਜੇ ਤੱਕ ਪ੍ਰਾਰਥੀ ਆਨਲਾਈਨ ਫਾਰਮ ਰਾਹੀਂ ਆਪਣੀ ਰਜਿਸਟ?ਰੇਸ਼ਨ ਜਿਨ੍ਹਾਂ ਦਾ ਜਨਮ 07.06.2003 ਅਤੇ 27.12.2006 (ਦੋਨੋਂ ਦਿਨ ਸ਼ਾਮਿਲ) ਦੌਰਾਨ ਹੋਇਆ ਹੋਵੇ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਅਸਾਮੀ ਲਈ ਪ੍ਰਾਰਥੀ ਨੇ ਬਾਰਵੀਂ ਜਾਂ 3 ਸਾਲ ਦਾ ਇੰਜੀਨੀਅਰਿੰਗ ਵਿੱਚ ਡਿਪਲੋਮਾ ਕੈਨੀਕਲ,ਇਲੈਕਟ?ਰੀਕਲ, ਇਲੈਕਟ?ਰੋਨਿਕਸ, ਅਟੋਮੋਬਾਈਲ,ਕੰਪਿਊਟਰ ਸਾਇੰਸ,ਇੰਸਟ੍ਰੂਕਮੈਂਟੇਸ਼ਨ ਤਕਨਾਲੋਜੀ ਅਤੇ ਆਈ.ਟੀ) ਜਾਂ ਫਿਰ ਦੋ ਸਾਲ ਦਾ ਵੋਕੇਸ਼ਨਲ ਕੋਰਸ ਕੀਤਾ ਹੋਵੇ ਅਤੇ ਇਨ੍ਹਾਂ ਦਰਸਾਈਆਂ ਯੋਗਤਾ ਵਿੱਚ ਪ੍ਰਾਰਥੀ ਦੇ ਇਮਤਿਹਾਨਾਂ ਵਿੱਚੋਂ 50 ਫੀਸਦੀ ਐਗਰੀਗੇਟ ਨੰਬਰ ਅਤੇ ਅੰਗਰੇਜੀ ਵਿੱਚ ਵੀ 50 ਫੀਸਦੀ ਨੰਬਰ ਹਾਸਿਲ ਕੀਤੇ ਹੋਣੇ ਚਾਹੀਦੇ ਹਨ।ਪ੍ਰਾਰਥੀ ਦੀ ਲੰਬਾਈ ਘੱਟੋ ਘੱਟ 152.5 ਸ.ਸ. (ਲੜਕੇ) ਅਤੇ 152 ਸ.ਸ. (ਲੜਕੀਆਂ) ਦੀ ਲੰਬਾਈ ਹੋਣੀ ਚਾਹੀਦੀ ਹੈ। ਇਸ ਇਮਤਿਹਾਨ ਵਿੱਚ ਰਜਿਸਟਰ ਕਰਨ ਲਈ ਫੀਸ 250 ਰੁਪਏ ਹੈ।

**27 ਜੁਲਾਈ 17 ਅਗਸਤ 2023 ਤੱਕ ਪ੍ਰਾਰਥੀ ਆਨਲਾਈਨ ਭਰ ਸਕਦੇ ਹਨ ਫਾਰਮ**

# ਸ੍ਰੀ ਦਸ਼ਮੇਸ਼ ਮਾਰਸ਼ਲ ਅਕੈਡਮੀ ਦੇ ਫੁੱਟਬਾਲ ਖਿਡਾਰੀ ਦੀ ਭਾਰਤੀ ਫੁੱਟਬਾਲ ਟੀਮ ਅੰਡਰ-16 ਦੇ ਕੈਂਪ ਲਈ ਹੋਈ ਚੋਣ

• ਸ੍ਰੀ ਅਨੰਦਪੁਰ ਸਾਹਿਬ

ਸ੍ਰੀ ਦਸ਼ਮੇਸ਼ ਮਾਰਸ਼ਲ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੇ ਫੁੱਟਬਾਲ ਖਿਡਾਰੀ ਗਗਨਦੀਪ ਸਿੰਘ ਦੀ ਭਾਰਤੀ ਫੁੱਟਬਾਲ ਟੀਮ ਅੰਡਰ–16 ਦੇ ਕੈਂਪ ਲਈ ਚੋਣ ਹੋਈ ਹੈ। ਫੁੱਟਬਾਲ ਕੋਚ ਅਮਰਜੀਤ ਸਿੰਘ ਨੇ ਦੱਸਿਆ ਕਿ ਇਹ ਟੀਮ ਸਤੰਬਰ ਵਿਚ ਹੋ ਰਹੀ ਅੰਡਰ–16 ਸੈਫ਼ ਚੈਂਪੀਅਨਸ਼ਿਪ ਵਿੱਚ ਭਾਗ ਲਵੇਗੀ ਜਿਸ ਦਾ ਕੈਂਪ 24 ਜੁਲਾਈ 2023 ਤੋ ਸ੍ਰੀ ਨਗਰ ਵਿਚ ਸ਼ੁਰੂ ਹੋ ਗਿਆ ਹੈ।



ਇਸ ਮੌਕੇ ਤੇ ਫੁੱਟਬਾਲ ਕੋਚ ਅਮਰਜੀਤ ਸਿੰਘ ਅਤੇ ਜਸਵਿੰਦਰ ਸਿੰਘ ਨੂੰ ਖੇਡ ਵਿਭਾਗ ਦੇ ਡਾਇਰਿਕਟਰ ਹਰਪ੍ਰੀਤ ਸਿੰਘ ਸੂਦਨ, ਡਾਇਰੈਕਟਰ ਐਡਮਨ ਪੀ.ਆਈ.ਐਸ ਗੁਰਦੀਪ ਕੌਰ,ਜਿਲਾ ਖੇਡ ਅਫਸਰ ਰੁਪੇਸ਼ ਕੁਮਾਰ ਬੇਗੜਾ, ਅਥਲੈਟਿਕਸ ਕੋਚ ਜਗਬੀਰ ਸਿੰਘ, ਹਰਵਿੰਦਰ ਸਿੰਘ, ਦਰਪਾਲ ਸਿੰਘ,ਬਾਕਸਿੰਗ ਕੋਚ ਗੁਰਜੀਤ ਕੌਰ, ਹੋਸਟਲ ਵਾਰਡਨ ਗੁਰਜੀਤ ਸਿੰਘ, ਮਨਿਦਰਵੀਰ ਸਿੰਘ, ਓਲੰਪੀਅਨ ਰਣਜੀਤ ਸਿੰਘ ਅਤੇ ਇਲਾਕਾ ਨਿਵਾਸੀਆਂ ਨੇ ਵਧਾਈ ਦਿੱਤੀ।



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

# ਮਨੁੱਖਤਾ ਦੀ ਸੇਵਾ ਵਿੱਚ ਲੀਨ : ਡਾ. ਇੰਦਰਜੀਤ ਕੌਰ

**ਸਿੱਖ** ਸੱਭਿਆਚਾਰ ਵਿੱਚ ਸੇਵਾ ਤੇ ਸਿਮਰਨ ਨੂੰ ਬਹੁਤ ਉੱਚੀ ਥਾਂ ਦਿੱਤੀ ਗਈ ਹੈ। ਇਹ ਦੋ ਪਹਿਲੂ ਅਜਿਹੇ ਹਨ ਜਿਹੜੇ ਹਰ ਗੁਰਸਿੱਖ ਲਈ ਫ਼ਰਜ਼ ਦੇ ਤੌਰ 'ਤੇ ਲਾਜ਼ਮੀ ਵੀ ਹਨ। ਪਰ ਬਦਲ ਦੇ ਹਾਲਾਤ ਅਨੁਸਾਰ ਇਹ ਸੇਵਾ ਵਿਰਲਾ ਹੀ ਨਿਭਾ ਰਿਹਾ ਹੈ। 20ਵੀਂ ਸਦੀ ਦੇ ਭਾਈ ਕਨੱਈਆ ਜੀ ਭਗਤ ਪੂਰਨ ਸਿੰਘ ਜੀ ਹੋਏ ਸਨ। ਜਿਨ੍ਹਾਂ ਨੇ ਪਿੰਗਲਵਾੜੇ ਦੇ ਮਾਧਿਆਮ ਨਾਲ ਅਜਿਹੇ ਡਿੱਗੇ-ਕੁਦਲੇ, ਅਪੰਗ ਬੱਚਿਆਂ ਦੀ ਬਾਂਹ ਫੜੀ ਜਿਨ੍ਹਾਂ ਨੂੰ ਸਮਾਜ ਨੇ ਨਕਾਰ ਦਿੱਤਾ ਸੀ। ਭਗਤ ਪੂਰਨ ਸਿੰਘ ਤੋਂ ਬਾਅਦ ਉਹਨਾਂ ਦੀ ਗੋਦ ਲਈ ਬੇਟੀ ਡਾ: ਇੰਦਰਜੀਤ ਕੌਰ ਅੱਜ-ਕੱਲ੍ਹ ਮੁੱਖ ਸੇਵਾਦਾਰ ਦੇ ਰੂਪ ਵਿੱਚ ਪਿੰਗਲਵਾੜੇ ਦਾ ਕਾਰਜ ਦੇਖ ਰਹੀ ਹੈ।

ਡਾ: ਇੰਦਰਜੀਤ ਕੌਰ ਦਾ ਜਨਮ 25 ਜਨਵਰੀ 1942ਈ: ਨੂੰ ਪਿਤਾ ਡਾ: ਹਰਬੰਸ ਸਿੰਘ ਦੇ ਘਰ ਮਾਤਾ ਰਣਜੀਤ ਕੌਰ ਦੇ ਉਦਰ ਤੋਂ ਸੰਗਰੂਰ ਵਿਖੇ ਹੋਇਆ। ਇਹਨਾਂ ਨੇ ਮੁੱਢਲੀ ਵਿੱਦਿਆ ਸੰਗਰੂਰ 'ਚ ਪ੍ਰਾਪਤ ਕੀਤੀ। 1959 ਵਿੱਚ ਐਫ਼.ਐਸ.ਸੀ. (ਮੈਡੀਕਲ) ਕਰਨ ਤੋਂ ਬਾਅਦ 1967 ਵਿੱਚ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਐਮ.ਬੀ.ਬੀ.ਐਸ. ਦੀ ਡਿਗਰੀ ਲੈਣ ਉਪਰੰਤ ਛੇ ਸਾਲ (1967 ਤੋਂ 1973) ਸਰਕਾਰੀ ਨੌਕਰੀ ਡਾਇਰੈਕਟਰ ਹੈਲਥ ਸਰਵਿਸ ਪੰਜਾਬ ਵਿੱਚ ਸੇਵਾ ਕੀਤੀ। ਸਰਕਾਰੀ ਨੌਕਰੀ ਛੱਡਣ ਤੋਂ ਬਾਅਦ ਆਪ ਆਪਣੇ ਪਿਤਾ ਡਾਕਟਰ ਹਰਬੰਸ ਸਿੰਘ ਕੋਲ ਸੰਗਰੂਰ ਵਿਖੇ ਉਹਨਾਂ ਦੇ ਆਪਣੇ ਹਸਪਤਾਲ ਵਿੱਚ ਕੰਮ ਕਰਨ ਲੱਗੇ। ਡਾ: ਸਾਹਿਬ ਨੇ ਬੜੇ ਪਿਆਰ ਨਾਲ ਉਹਨਾਂ ਦੇ ਚਰਿੱਤਰ ਤੇ ਉੱਚੀਆਂ ਕਦਰਾਂ-ਕੀਮਤਾਂ ਨੂੰ ਲੈ ਕੇ ਸੱਚਾ ਜੀਵਨ ਜਿਊਂਣ ਦੀ ਰੰਗਣ ਚਾੜ੍ਹ ਦਿੱਤੀ। ਪਵਿੱਤਰਤਾ ਅਤੇ ਤਿਆਗ ਦੀ ਛਾਪ ਉਹਨਾਂ ਦੇ ਮਨ ਵਿੱਚ ਡੂੰਘੀ ਲੱਗ ਗਈ। ਇਸੇ ਕਰਕੇ ਡਾ: ਇੰਦਰਜੀਤ ਕੌਰ ਨੇ ਵਿਆਹ ਨਹੀਂ ਕਰਵਾਇਆ ਕਿ ਕਿਧਰੇ ਸੇਵਾ ਦਾ ਮਿਸ਼ਨ ਅਧੂਰਾ ਨਾ ਰਹਿ ਜਾਵੇ।



ਭਗਤ ਪੂਰਨ ਸਿੰਘ ਅਤੇ ਡਾ: ਇੰਦਰਜੀਤ ਕੌਰ ਦਾ ਪਹਿਲਾ ਆਤਮਿਕ ਮੇਲ ਸੰਨ 1975 ਵਿੱਚ ਹੋਇਆ। 1980 ਵਿੱਚ ਭਗਤ ਪੂਰਨ ਸਿੰਘ ਇੱਕ ਭਿਆਨਕ ਬਿਮਾਰੀ ਤੋਂ ਪੀੜ੍ਹਤ ਹੋ ਗਏ ਅਤੇ ਉਹਨਾਂ ਦਾ ਉਪਰੇਸ਼ਨ ਕਰਨਾ ਪਿਆ। ਬੀਬੀ ਇੰਦਰਜੀਤ ਕੌਰ ਇਸ ਦੀ ਖ਼ਬਰ ਮਿਲਦੇ ਸਾਰ ਹੀ ਅੰਮ੍ਰਿਤਸਰ ਪਹੁੰਚ ਗਏ, ਉਹਨਾਂ ਨੇ ਤਨ-ਮਨ-ਧਨ ਨਾਲ ਭਗਤ ਪੂਰਨ ਸਿੰਘ ਜੀ ਦੀ ਸੇਵਾ ਕੀਤੀ, ਜਿਸ ਸਦਕਾ ਭਗਤ ਪੂਰਨ ਸਿੰਘ ਨੌਂ-ਬਰ-ਨੌਂ ਹੋ ਗਏ। ਡਾ: ਇੰਦਰਜੀਤ ਕੌਰ ਬਹੁਤ ਸਾਰੀਆਂ ਸੰਸਥਾਵਾਂ, ਸੰਗਠਨਾਂ ਜਿਨ੍ਹਾਂ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਤੇ ਇੰਪਰੂਵਮੈਂਟ ਟ?ਰਸਟ ਸੰਗਰੂਰ ਦੇ 1976 ਤੋਂ 1981 ਤੱਕ, ਇੰਡੋ-ਸੋਵੀਅਤ ਕਲਚਰਲ ਸੁਸਾਇਟੀ ਦੇ 1977 ਤੋਂ 1981, ਸੰਤ ਹਰਚੰਦ ਸਿੰਘ ਲੌਂਗੋਵਾਲ ਮੈਮੋਰੀਅਲ ਕਮੇਟੀ ਦੇ 1985 ਤੋਂ ਹੁਣ ਤੱਕ, ਚਾਈਲਡ ਵੈਲਫੇਅਰ ਸੁਸਾਇਟੀ (ਪੰਜਾਬ) ਦੇ 1987 ਤੋਂ 1988 ਤੱਕ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ (ਰਜਿ:) ਅੰਮ੍ਰਿਤਸਰ ਦੇ 1988 ਤੋਂ ਮੈਂਬਰ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ (ਰਜਿ:) ਅੰਮ੍ਰਿਤਸਰ ਦੇ 1988 ਤੋਂ 1992 ਤੱਕ ਮੀਤ ਪ੍ਰਧਾਨ ਅਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:) ਅੰਮ੍ਰਿਤਸਰ ਦੇ 15 ਅਗਸਤ 1992 ਤੋਂ ਹੁਣ ਤੱਕ ਪ੍ਰਧਾਨ ਹਨ। ਕਈ ਸੰਸਥਾਵਾਂ ਦੇ ਮੈਂਬਰ/ਪ੍ਰਧਾਨ ਵਰਤਮਾਨ ਸਮੇਂ ਵੀ ਹਨ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਪੋ?ਰਫੈਸ਼ਨਲ ਮੈਂਬਰ ਹਨ। ਆਪ ਨੇ ਆਮ ਲੋਕਾਂ ਦੀਆਂ ਤਕਲੀਫਾ ਅਤੇ ਲੋਕ-ਭਲਾਈ ਲਈ ਵੀ ਕਈ ਕੰਮ ਕੀਤੇ। 1988 ਵਿੱਚ ਪੰਜਾਬ 'ਚ ਹੜ੍ਹਾਂ ਦੇ ਨੁਕਸਾਨ ਤੋਂ ਬਾਅਦ ਆਪ ਨੇ ਪੈਸੇ ਇਕੱਠੇ ਕਰਕੇ ਪ੍ਰਭਾਵਿਤ ਇਲਾਕਿਆਂ ਵਿੱਚ ਲੋੜਵੰਦਾਂ ਲਈ ਕਈ ਪ੍ਰਕਾਰ ਦੀ ਮਦਦ ਕੀਤੀ। 1993 ਵਿੱਚ ਮਹਾਂਰਾਸ਼ਟਰ ਦੇ ਸ਼ਹਿਰ ਲਾਤੂਰ ਵਿੱਚ ਜਦ ਭੂਚਾਲ ਨਾਲ ਭਾਰੀ ਬਰਬਾਦੀ ਹੋਈ ਤਾਂ ਆਪ ਨੇ ਖਾਣਾ, ਕੱਪੜੇ, ਕੰਬਲ, ਦਵਾਈਆਂ ਆਦਿ ਦੇ ਰੂਪ ਵਿੱਚ ਸਹਾਇਤਾ ਉੱਥੇ ਭਿਜਵਾਈ ਜੋ ਦੁਖੀ ਲੋਕਾਂ ਵਿੱਚ ਲੋੜ ਅਨੁਸਾਰ ਵੰਡੀ ਗਈ। ਸੁਨਾਮੀ ਲਹਿਰਾਂ ਦੀ ਤਬਾਹੀ ਉਪਰੰਤ ਸੰਨ 2004 ਵਿੱਚ ਘੱਗਰ ਦਰਿਆ ਦੇ ਟੁੱਟਣ ਨਾਲ ਸੰਗਰੂਰ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਪਾਣੀ ਆ ਗਿਆ, ਜੰਮੂ ਕਸ਼ਮੀਰ ਦੇ ਆਤੰਕਵਾਦ ਪੀੜ੍ਹ?ਹਤ ਸ਼ਰਨਾਰਥੀਆਂ ਤੇ ਭੂਚਾਲ ਪੀੜ੍ਹ?ਹਤਾਂ ਅਤੇ ਪਾਕਿਸਤਾਨ ਦੇ ਭੂਚਾਲ ਪੀੜ੍ਹ?ਹਤਾਂ ਲਈ ਰਾਸ਼ਨ, ਕੱਪੜੇ, ਦਵਾਈਆਂ, ਕੰਬਲ, ਬਸਤਰ ਆਦਿ ਭੇਜੇ/ਵੰਡੇ ਗਏ। ਸੰਨ 2005 ਵਿੱਚ ਕੌਂਸਲ ਫਾਰ ਪਾਰਲੀਮੈਂਟ ਆਫ ਵਰਲਡਜ਼ ਰਿਲੀਜ਼ਨਜ਼ ਸ਼ਿਕਾਗੋ ਵੱਲੋਂ ਡਾ: ਇੰਦਰਜੀਤ ਕੌਰ ਨੂੰ ਸਪੇਨ ਵਿੱਚ ਸਾਰੀ ਦੁਨੀਆਂ ਦੇ ਧਰਮਾਂ ਦੀ ਹੋਣ ਵਾਲੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਸੱਦਾ-ਪੱਤਰ ਮਿਲਿਆ। ਇਸ ਕਾਨਫ਼ਰੰਸ ਦਾ ਮਕਸਦ ਸੀ ਕਿ ਸਾਰੇ ਧਰਮਾਂ ਦੇ ਲੋਕ ਇਕੱਠੇ ਹੋ ਕੇ ਇੱਕ-ਦੂਸਰੇ ਨਾਲ ਵਿਚਾਰ-ਵਟਾਂਦਰਾ ਕਰ ਸਕਣ। ਇਸ ਕਾਨਫ਼ਰੰਸ ਵਿੱਚ ਵੱਖ-ਵੱਖ ਧਰਮਾਂ ਦੇ 7000 ਲੋਕਾਂ ਨੇ ਭਾਗ ਲਿਆ। ਡਾ: ਇੰਦਰਜੀਤ ਕੌਰ ਨੇ ਅਪਾਹਜਾਂ ਪ੍ਰਤੀ ਇਨਸਾਨਾਂ ਦੇ ਫ਼ਰਜ਼, ਕੀੜੇਮਾਰ ਦਵਾਈਆਂ ਦੇ ਸਿਹਤ ਤੇ ਪ੍ਰਭਾਵ ਅਤੇ ਕੁਦਰਤੀ ਖੇਤੀ, ਏਡਜ਼ ਸੰਬੰਧੀ ਜਾਗਰੂਕਤਾ ਸੈਮੀਨਾਰ ਵਿੱਚ ਭਾਗ ਲਿਆ।

ਡਾ: ਇੰਦਰਜੀਤ ਕੌਰ ਨੇ ਗ਼ਰੀਬ, ਪੱਛੜੇ ਵਰਗਾਂ ਅਤੇ ਝੁੱਗੀ-ਝੌਂਪੜੀ ਵਿੱਚ ਰਹਿਣ ਵਾਲਿਆਂ ਦੇ ਜੀਵਨ ਵਿੱਚ ਸੁਧਾਰ ਕਰਨ ਲਈ ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲਾ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਚਾਲੂ ਕੀਤਾ। ਇਸ ਸਕੂਲ ਵਿੱਚ 737 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰ ਕਲਾਂ ਕਾਦੀਆਂ (ਗੁਰਦਾਸਪੁਰ) ਵਿਖੇ 412 ਬੱਚੇ ਮੁਫ਼ਤ ਵਿੱਦਿਆ ਪ੍ਰਾਪਤ ਕਰ ਰਹੇ ਹਨ। ਪਿੰਗਲਵਾੜੇ ਦੇ 210 ਮੰਦ-ਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਹਿੱਤ ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ ਮਾਨਾਂਵਾਲਾ ਕੰਪਲੈਕਸ ਅੰਮ੍ਰਿਤਸਰ ਵਿਖੇ ਚੱਲ ਰਿਹਾ ਹੈ। ਭਗਤ ਪੂਰਨ ਸਿੰਘ ਗੂੰਗੇ-ਬਹਿਰੇ ਬੱਚਿਆਂ ਦਾ ਸਕੂਲ ਵੀ ਉਪਰੋਕਤ ਕੰਪਲੈਕਸ ਵਿੱਚ 2005 ਤੋਂ ਚੱਲ ਰਿਹਾ ਹੈ। ਜਿਸ ਵਿੱਚ 180 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਡਾ: ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਸਾਲ 2006 ਤੋਂ ਪਿੰਗਲਵਾੜਾ ਵਿਖੇ ਇੱਕ ਨਰਸਰੀ ਤਿਆਰ ਕੀਤੀ ਗਈ ਹੈ। ਜਿਸ ਵਿੱਚ ਹਰ ਸਾਲ 60,000 ਪੌਦੇ ਤਿਆਰ ਕਰਕੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

ਡਾ: ਇੰਦਰਜੀਤ ਕੌਰ ਦੀ ਰਹਿਨੁਮਾਈ ਹੇਠ ਪਿੰਗਲਵਾੜਾ ਵਿਖੇ ਹਰ ਸਾਲ ਭਗਤ ਪੂਰਨ ਸਿੰਘ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇੱਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ। ਨਵੰਬਰ 2003 ਤੋਂ ਹੁਣ ਤੱਕ 15451 ਲੋਕਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਗਏ ਹਨ। 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ। ਜਿਸ ਵਿੱਚ ਰੋਜ਼ਾਨਾ 90 ਤੋਂ 100 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ। ਪਿੰਗਲਵਾੜਾ ਦੀ ਮੁੱਖ ਬਰਾਂਚ ਅੰਮ੍ਰਿਤਸਰ, ਜਲੰਧਰ, ਪੰਡੋਰੀ, ਗੋਇੰਦਵਾਲ, ਸੰਗਰੂਰ, ਪਲਸੋਰਾ (ਚੰਡੀਗੜ੍ਹ) ਬਰਾਂਚਾਂ ਵਿੱਚ ਬਿਮਾਰ, ਮੰਦਬੁੱਧੀ, ਬੇਸਹਾਰਾ, ਅੰਗਹੀਣ ਮਰੀਜ਼ਾਂ ਦੀ ਗਿਣਤੀ 1756 ਹੈ। ਗ਼ਰੀਬਾਂ ਤੇ ਲੋੜਵੰਦਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਅੰਗਹੀਣਾਂ ਨੂੰ ਮੁਫ਼ਤ ਟਰਾਈ ਸਾਈਕਲ ਵੰਡੇ ਜਾਂਦੇ ਹਨ। ਸੀਨੀਅਰ ਸਿਟੀਜ਼ਨ ਲਈ ਸੰਗਰੂਰ ਤੇ ਮਾਨਾਂਵਾਲਾ ਬਰਾਂਚ ਅੰਮ੍ਰਿਤਸਰ ਵਿਖੇ ਬਿਰਧ ਆਸ਼ਰਮ ਚੱਲ ਰਹੇ ਹਨ।

ਡਾ: ਇੰਦਰਜੀਤ ਕੌਰ ਪ੍ਰਸਿੱਧ ਵਿਦਵਾਨਾਂ ਦੇ ਲੇਖ/ਪੁਸਤਕਾਂ ਜਿਹੜੇ ਕਿ ਜੂਨ ਚੇਤਨਾ ਜਿਹੇ ਵਿਸ਼ੇ ਤੇ ਹੁੰਦੇ/ਹੁੰਦੀਆਂ ਹਨ ਜਿਵੇਂ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ, ਨਸ਼ੇ, ਵੱਸੋਂ ਦਾ ਵਾਧਾ, ਜੰਗਲ ਕੱਟਣ ਦੇ ਨੁਕਸਾਨ, ਕੁਦਰਤੀ ਸਾਧਾਨਾ ਦੇ ਖ਼ਤਮ ਹੋਣ ਜਿਵੇਂ ਕੋਇਲਾ, ਲੋਹਾ ਅਤੇ ਹੋਰ ਖਣਿਜ ਪਦਾਰਥ, ਪੈਟਰੋਲ, ਨੂੰ ਬਚਾਉਣਾ ਤਾਂ ਕਿ ਕੀਮਤੀ ਵਿਦੇਸ਼ੀ ਮੁਦਰਾ ਬਚਾਈ ਜਾ ਸਕੇ ਆਦਿ ਸਾਰਾ ਲਿਟਰੇਚਰ ਪਿੰਗਲਵਾੜੇ ਦੀ 'ਪੂਰਨ ਪਿ?ਰੰਟਿੰਗ ਪੈ?ਰਸ' ਤੋਂ ਪ੍ਰਕਾਸ਼ਿਤ ਕਰਵਾ ਕੇ ਘਰ-ਘਰ ਪਹੁੰਚਾਉਣ ਦਾ ਮਹਾਨ ਕਾਰਜ ਵੀ ਕਰ ਰਹੇ ਹਨ। ਡਾ: ਇੰਦਰਜੀਤ ਕੌਰ ਜਿੱਥੇ ਉੱਘੇ ਵਿਦਵਾਨ ਹਨ ਉੱਥੇ ਉੱਚ ਕੋਟੀ ਦੇ ਲਿਖਾਰੀ ਵੀ ਹਨ। ਉਹਨਾਂ ਪਿਆਰ ਦੀਆਂ ਤੰਦਾਂ, ਬੀਬੀ ਜੇਨ ਐਡਮਜ਼, ਮੰਝਧਾਰ ਵਿੱਚ ਮਮਤਾ (ਅਨੁਵਾਦਕ) ਪੁਸਤਕਾਂ ਦੀ ਰਚਨਾ ਕੀਤੀ। ਡਾ: ਇੰਦਰਜੀਤ ਕੌਰ ਨੇ 18 ਪੁਸਤਕਾਂ ਪੰਜਾਬੀ, 20 ਅੰਗਰੇਜੀ ਤੇ 12 ਹਿੰਦੀ ਦੀਆਂ ਪੁਸਤਕਾਂ ਦੀ ਸੰਪਾਦਨਾ ਕੀਤੀ ਹੈ। ਇਸ ਦੇ ਨਾਲ ਹੀ ਉਹਨਾਂ 14 ਪੰਜਾਬੀ ਦੇ ਕਿਤਾਬਚਿਆਂ ਅਤੇ 7 ਅੰਗਰੇਜ਼ੀ ਦੇ ਕਿਤਾਬਚਿਆਂ ਦੀ ਵੀ ਸੰਪਾਦਨਾ ਕੀਤੀ ਹੈ। ਡਾ: ਇੰਦਰਜੀਤ ਕੌਰ ਇੰਨੇ ਰੁਝੇਵੇਂ ਹੋਣ ਦੇ ਬਾਵਜੂਦ ਵੀ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਲਿਖਣ ਦੀ ਸੇਵਾ ਵੀ ਕਰ ਰਹੇ ਹਨ। ਡਾ: ਇੰਦਰਜੀਤ ਕੌਰ ਦੀ ਰਹਿਨੁਮਾਈ ਹੇਠ ਹੀ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਛਪਵਾ ਕੇ ਸੰਗਤਾਂ ਵਿੱਚ ਮੁਫ਼ਤ ਵੰਡੇ ਜਾ ਰਹੇ ਹਨ।

ਭਗਤ ਪੂਰਨ ਸਿੰਘ ਨੇ 1986 ਵਿੱਚ ਆਪਣੀ ਵਸੀਅਤ ਤਿਆਰ ਕੀਤੀ ਜਿਸ ਅਨੁਸਾਰ ਡਾ: ਇੰਦਰਜੀਤ ਕੌਰ ਨੂੰ ਭਗਤ ਪੂਰਨ ਸਿੰਘ ਦੀ ਮੌਤ ਤੋਂ ਬਾਅਦ ਉਮਰ ਭਰ ਲਈ ਪਿੰਗਲਵਾੜਾ ਸੁਸਾਇਟੀ ਦਾ ਪ੍ਰਧਾਨ ਬਣਾ ਦਿੱਤਾ। ਜੁਲਾਈ 1992 'ਚ ਭਗਤ ਪੂਰਨ ਸਿੰਘ ਉੱਤੇ ਮਾਰੂ ਰੋਗ ਦਾ ਹਮਲਾ ਹੋ ਗਿਆ ਤੇ ਉਹਨਾਂ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿੱਚ ਦਾਖ਼ਲ ਕਰਾਉਣਾ ਪਿਆ। ਡਾ: ਇੰਦਰਜੀਤ ਕੌਰ ਨੇ ਭਗਤ ਜੀ ਦੀ ਦਿਨ-ਰਾਤ ਤਨ-ਮਨ ਨਾਲ ਸੇਵਾ ਕੀਤੀ। ਭਗਤ ਪੂਰਨ ਸਿੰਘ ਜੀ ਪਿੰਗਲਵਾੜੇ ਦੀ ਸੇਵਾ ਦਾ ਭਾਰ ਡਾ: ਇੰਦਰਜੀਤ ਕੌਰ ਦੇ ਮੋਢਿਆਂ 'ਤੇ ਪਾ ਕੇ 5 ਅਗਸਤ 1992ਈ: ਨੂੰ 88 ਸਾਲ ਦੀ ਉਮਰ ਭੋਗ ਕੇ ਚਲਾਣਾ ਕਰ ਗਏ। ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਬਰਸੀ ਹਰ ਸਾਲ 5 ਅਗਸਤ ਨੂੰ ਡਾ: ਇੰਦਰਜੀਤ ਕੌਰ ਜੀ ਦੀ ਸਰਪ੍ਰਸਤੀ ਹੇਠ ਬੜੀ ਸ਼ਰਧਾ ਪੇ?ਰਮ ਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ।

ਡਾ: ਇੰਦਰਜੀਤ ਕੌਰ ਨੂੰ 1998 ਵਿੱਚ ਪੰਜਾਬ ਸਰਕਾਰ ਵੱਲੋਂ ਮਾਈ ਭਾਗੋ ਐਵਾਰਡ (ਸਟੇਟ ਐਵਾਰਡ), 2001 ਵਿੱਚ ਮੁੱਖ ਮੰਤਰੀ ਦਿੱਲੀ ਵੱਲੋਂ ਬਾਲ ਸਹਿਯੋਗ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਪੇਨ ਬਾਰਸੀਲੋਨਾ ਵਿਖੇ ਸੰਨ 2004 ਵਿੱਚ ਧਾਰਮਿਕ ਸਭਾ ਦੀ ਹੋਈ ਮੀਟਿੰਗ ਵਿੱਚ ਡਾ: ਇੰਦਰਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਕੈਨੇਡੀਆਨ ਲੋਕ ਸਭਾ ਮੈਂਬਰ ਨਵਦੀਪ ਸਿੰਘ ਬੈਂਸ ਦੁਆਰਾ ਓਟਾਵਾ ਵਿਖੇ 17 ਨਵੰਬਰ 2005 ਵਿੱਚ ਡਾ: ਇੰਦਰਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸੇ ਸਾਲ (2005) ਦੂਰਦਰਸ਼ਨ ਜਲੰਧਰ ਵੱਲੋਂ ਪੰਜ ਪਾਣੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸੰਨ 2006 ਵਿੱਚ ਡਿਵੈਲਪਰ ਇੰਡੀਆ ਚੇਨੱਈ ਵੱਲੋਂ ਵਾਈਬਰੈਂਟ ਇੰਡੀਅਨ ਐਵਾਰਡ, ਬਾਬਾ ਫਰੀਦ ਫਾਊਂਜੇਸ਼ਨ ਫਰੀਦਕੋਟ ਵੱਲੋਂ ਭਗਤ ਪੂਰਨ ਸਿੰਘ ਐਵਾਰਡ, ਸੰਨ 2007 ਵਿੱਚ ਪੰਜਾਬ ਹੈਰੀਟੇਜ਼ ਆਰਗੇਨਾਈਜੇਸ਼ਨ ਪੈਲੇਟਾਈਨ ਸ਼ਿਕਾਗੋ ਅਮਰੀਕਾ ਵੱਲੋਂ ਭਗਤ ਪੂਰਨ ਸਿੰਘ ਐਵਾਰਡ, ਹਿਮਾਲਿਆ ਇੰਸਟੀਚਿਊਟ ਹਸਪਤਾਲ ਟ?ਰਸਟ ਦੇਹਰਾਦੂਨ ਵੱਲੋਂ ਸੰਨ 2007 ਵਿੱਚ ਸ੍ਰੀ ਰਾਮਾ ਹਿਊਮੈਨੀਟੇਰੀਅਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਸੰਨ 2008 ਵਿੱਚ ਡਾ: ਇੰਦਰਜੀਤ ਕੌਰ ਨੂੰ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਵੱਲੋਂ ਨਵੀਂ ਦਿੱਲੀ ਵਿਖੇ 'ਪਦਮ ਭੂਸ਼ਨ' ਨਾਲ ਸਨਮਾਨਿਤ ਕੀਤਾ। ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਵੱਲੋਂ ਸੰਨ 2008 ਵਿੱਚ 'ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸਿੱਖ ਕੌਂਸਲ ਆਫ਼ ਰਿਲੀਜ਼ਨ ਵਸ਼ਿੰਗਟਨ ਅਮਰੀਕਾ ਵੱਲੋਂ 6 ਜੁਲਾਈ 2008 ਨੂੰ ਚੰਡੀਗੜ੍ਹ ਵਿਖੇ 'ਸਿੱਖਾਂ ਵਿੱਚ ਉੱਤਮ ਸਨਮਾਨ' ਨਾਲ ਡਾ: ਇੰਦਰਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ ਵਿੱਚ ਸਿੰਘ ਸਭਾਵਾਂ, ਸਭਾ-ਸੁਸਾਇਟੀਆਂ, ਸਕੂਲਾਂ-ਕਾਲਜਾਂ ਤੇ ਸਮਾਜ-ਸੇਵੀ ਸੰਸਥਾਵਾਂ ਨੇ ਵੱਖ-ਵੱਖ ਸਮੇਂ ਡਾ: ਇੰਦਰਜੀਤ ਕੌਰ ਨੂੰ ਸਨਮਾਨਿਤ ਕੀਤਾ ਹੈ।

ਡਾ: ਇੰਦਰਜੀਤ ਕੌਰ ਅਨੁਸਾਰ ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸੱਤ ਲੱਖ ਰੁਪਏ ਹੈ। ਡਾ: ਇੰਦਰਜੀਤ ਕੌਰ ਵੱਲੋਂ ਗੁਰੂ ਘਰ ਦੇ ਪ੍ਰੇਮੀਆਂ ਅੱਗੇ ਹੱਥ ਜੋੜ ਬੇਨਤੀ ਹੈ ਕਿ ਉਹ ਪਿੰਗਲਵਾੜਾ ਸੰਸਥਾ ਵਿੱਚ ਸੇਵਾ-ਸੰਭਾਲ ਤੇ ਇਲਾਜ ਹਿੱਤ ਰਹਿ ਰਹੇ ਮਰੀਜ਼ਾਂ ਦੀ ਸਹਾਇਤਾ ਲਈ ਦੇਸ਼-ਵਿਦੇਸ਼ ਵਿੱਚ ਵੱਧ ਤੋਂ ਵੱਧ ਮਾਇਆ ਦੇ ਗੱਫੇ ਪਿੰਗਲਵਾੜਾ ਸੰਸਥਾ ਦੇ ਨਾਂ ਤੇ ਭੇਜਣ ਅਤੇ ਭਿਜਵਾਉਣ ਦੀ ਕਿਰਪਾਲਤਾ ਕਰਨ।

**ਕਰਨੈਲ ਸਿੰਘ ਐੱਮ.ਏ. #1138/63-ਏ, ਗੁਰੂ ਤੇ.ਗ ਬਹਾਦਰ ਨਗਰ**
**ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

# ਭੰਬਲ ਭੂਸੇ ਪਏ ਅਣਖੀਲੇ ਸ਼ੇਰ ।

**ਪੰਜਾਬ** ਗੁਰੂਆਂ ਦੀ ਧਰਤੀ ਹੈ ਤੇ ਓਨਾ ਦੇ ਨਾਂ ਨਾਲ ਜਿਊਂਦੀ ਹੈ, ਭਾਵ ਗੁਰੂਆਂ ਦੇ ਉਪਦੇਸ਼ ਤੇ ਆਦੇਸ਼ ਪੰਜਾਬੀ ਜੀਵਨ ਤੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੈ ।

ਗੁਰੂ ਸਾਹਿਬਾਨ ਨੇ " ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥" ÷ਜਉ ਤਉ ਪ੍ਰੇਮ ਖੇਲਣ ਕਾ ਚਾਉ ॥ਸਿਰੁ ਧਰਿ ਤਲੀ ਗਲੀ ਮੇਰੀ ਆਉ ॥" "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥" "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਤੇ "ਏਕ ਪਿਤਾ ਏਕਸ ਕੇ ਹਮ ਬਾਰਿਕ" ਦੇ ਹੁਕਮਾਂ ਨਾਲ ਸੰਤ ਸਿਪਾਹੀ ਦਾ ਸੁਮੇਲ ਮਨੁੱਖ, ਅਣਖੀਲੇ ਸ਼ੇਰ ਭਾਵ ਸਿੰਘ ਤੋਂ ਦੇਵਤੇ ਬਣਾ ਦਿੱਤੇ, ਜੋ ਦੁਨੀਆ ਭਰ ਵਿੱਚ ਲੰਗਰ ਲਾਈ ਬੈਠੇ ਤੇ ਹਰ ਤਰਾਂ ਮਨੁੱਖਤਾ ਦੀ ਸੇਵਾ ਕਰਦੇ ਵੇਖੇ ਜਾਂਦੇ ਹਨ ।

ਦੇਸ਼ ਕੌਮ ਦੀ ਅਣਖ ਤੇ ਅਜ਼ਾਦੀ ਲਈ ਇਹ ਸਵਾ ਲੱਖ ਨਾਲ ਇਕ ਵੀ ਲੜ ਜਾਂਦਾ ਹੈ, ਇਸ ਗੱਲ ਦਾ ਵੀ ਇਤਿਹਾਸ ਗਵਾਹੀ ਭਰਦਾ ਹੈ । ਰਾਜ ਸੰਕਲਪ ਵੀ ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ ਨਾਲ ਸਪਸ਼ਟ ਹੈ ।

ਇੰਨੇ ਚੰਗੇ ਗੁਣਾ ਦੀ ਧਾਰਨੀ ਪੰਜਾਬੀ ਕੌਮ ਸੰਨ 1839 ਈ . ਨੂੰ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਲਗਾਤਾਰ ਗਿਰਾਵਟ ਵੱਲ ਹੈ ਤੇ ਅੱਜ ਸਥਿਤੀ ਇਹ ਹੈ ਕਿ ਆਰਥਿਕ ਤੌਰ 'ਤੇ ਦੀਵਾਲ?ਏ, ਰਾਜਨੀਤਿਕ ਰੂਪ 'ਚ ਹਾਰੇ ਹੋਏ, ਸਮਾਜਿਕ ਤੌਰ 'ਤੇ ਜਾਤ ਪਾਤ ਵਿਚ ਵੰਡੇ ਹੋਏ ਹਨ ਅਤੇ ਮਨੁੱਖੀ ਵਿਕਾਸ ਲਈ ਕੇਵਲ ਵਿਦੇਸ਼ਾਂ ਵਲ ਤੱਕਦੇ ਅਤੇ ਪੂਰਨ ਰੂਪ ਵਿਚ ਨਸ਼ਿਆਂ ਵਿਚ ਗ਼ਲਤਾਨ ਨਜ਼ਰ ਆਉਂਦੇ ਹਨ । ਚੋਰੀ, ਡਕੈਤੀ, ਫਿਰੌਤੀਆਂ ਲਈ ਅਗਵਾ ਤੇ ਕਤਲਾਂ ਦੀ ਭਰਮਾਰ ਕਾਰਨ ਗੁਰੂਆਂ ਦੀ ਧਰਤੀ ਪੂਰੀ ਤਰਾਂ ਅਸੁਰੱਖਿਅਤ ਬਣੀ ਹੋਈ ਹੈ ।

ਕੌਮਾਂ ਦੇ ਆਗੂ ਹੀਰੋ ਹੁੰਦੇ ਸਨ । ਅੱਜ ਇਹ ਨਾਇਕ ਫਿਲਮੀ ਜਾਂ ਅਪਰਾਧੀ ਬਣੇ ਹੋਏ ਹਨ, ਇੰਨਾ ਦੇ ਪਿੱਛੇ ਤੁਰਿਆ ਇਸੇ ਤਰਾਂ ਦਾ ਸਰਕਾਰੀ ਤੰਤਰ ਨਜ਼ਰ ਆਉਂਦਾ ਹੈ । ਰਾਜਾ ਪੋਰਸ ਤੋਂ ਬਾਦ ਗੁਰੂ ਸਾਹਿਬਾਨ ਦੇ ਹੁਕਮ ਨਾਲ ਖ਼ਾਲਸਾ ਰਾਜ ਕਾਇਮ ਕਰਨ ਵਾਲੇ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ, ਬਾਬਾ ਦੀਪ ਸਿੰਘ ਸ਼ਹੀਦ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਬਘੇਲ ਸਿੰਘ ਤੇ ਫੇਰ ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ ਨਲਵਾ, ਜਥੇਦਾਰ ਅਕਾਲੀ ਫੂਲਾ ਸਿੰਘ, ਰਾਜਾ ਸ਼ੇਰ ਸਿੰਘ ਅਟਾਰੀ ਵਾਲਾ ਆਦਿ ਅਜਿਹੇ ਆਗੂਆਂ ਨੇ ਦੱਰਾ ਖ਼ੈਬਰ ਤੋਂ ਦਿੱਲੀ ਤੱਕ ਝੰਡੇ ਬੁਲੰਦ ਕੀਤੇ ਹੋਣ ਦੀ ਵਿਰਾਸਤ ਨੂੰ ਲੋਕ ਭੁੱਲ ਰਹੇ ਹਨ । ਅਣਖ ਜਾਂ ਗ਼ੈਰਤ ਦੀ ਜਨਮ-ਘੁੱਟੀ ਨਾਲ ਪੈਦਾ ਹੋਈ ਇਸ ਕੌਮ ਵਿੱਚ ਵੰਡ ਪਾਉਣ ਲਈ ਵਿਰੋਧੀਆਂ ਨੇ ਇੰਨਾ ਨੂੰ ਸੱਚ ਦੁਆਲੇ ਝੂਠ ਦੇ ਧੂੰਏਂ ਦਾ ਭੰਵਲ ਭੂਸਾ ਖੜ੍ਹਾ ਕਰ ਕੌਮ ਨੂੰ ਦੋਫਾੜ ਕਰ ਕੇ ਇੱਕ ਦੂਜੇ ਵਿਰੁੱਧ ਹੀ ਖੜੇ ਕਰ ਰੱਖਿਆ ਹੈ । ਮੁਗ਼ਲ, ਅਫਗਾਨੀ ਤੇ ਅੰਗਰੇਜ਼ ਨੇ ਵੀ ਇਸ ਤਰਾਂ ਹੀ ਕੌਮ ਨੂੰ ਵੰਡਿਆ ਤੇ ਬੰਦਈ ਖ਼ਾਲਸਾ - ਤੱਤ ਖ਼ਾਲਸਾ , ਘੱਲੂਘਾਰਿਆਂ ਸਮੇਂ ਇੱਕ ਮਿਸਲ ਦਾ ਅਬਦਾਲੀ ਹਮਾਇਤੀ ਹੋਣਾ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਲੀ ਫ਼ਤਿਹ ਤੋਂ ਰੋਕਣ ਲਈ ਅੰਗਰੇਜ਼ ਨੂੰ ਕਲਕੱਤੇ ਤੋਂ ਸੱਦਣਾ । ਕਿਵੇਂ ਅੰਗਰੇਜ਼ ਪ੍ਰਸਤ ਆਜ਼ਾਦ ਭਾਰਤ ਵਿੱਚ ਵੀ ਪਹਿਲੇ ਵਜ਼ੀਰ ਬਣ ਗਏ ।

ਗ਼ੈਰਤ ਤੇ ਅਣਖ ਜਗਾਉਣ ਲਈ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨਾ ਤੇ ਕੌਮ ਅੱਗੇ ਪੰਥ 'ਤੇ ਝੂਠੇ ਹਮਲੇ ਦਾ ਖੌਫ ਖੜ੍ਹਾ ਕਰ ਲੜਨ ਮਰਨ ਨੂੰ ਤਿਆਰ ਕਰਨ ਦਾ ਇਤਿਹਾਸ ਸਭ ਦੇ ਸਾਹਮਣੇ ਹੈ । ਅਸਲੀ ਸਿੱਖ ਨਾਇਕਾਂ ਦੇ ਚਰਿੱਤਰ ਤੇ ਜੀਵਨ 'ਤੇ ਦੋਸ਼ ਲਾ ਕੌਮ ਨੂੰ ਦਿਸ਼ਾਹੀਣ ਕਰ ਦਿੱਤਾ ਗਿਆ ਅਤੇ ਇਸ ਖ਼ਲਾਅ ਵਿਚ ਨਿੱਜੀ ਮੁਫ਼ਾਦ ਲਈ ਕੌਮ ਨੂੰ ਕੁਰਾਹੇ ਪਾ ਆਪਣਾ ਲਾਭ ਲੈਣ ਵਾਲੇ ਆਗੂ ਬਣਦੇ ਰਹੇ ਹਨ । ਇਨ੍ਹਾਂ ਕਾਰਨਾਂ ਕਰਕੇ ਕੌਮ ਦਿਸ਼ਾਹੀਣ ਹੋਈ ਤੇ ਨਿਸ਼ਾਨੇ ਤੋਂ ਕੋਹਾਂ ਦੂਰ ਚਲੀ ਗਈ । ਸੰਨ 1947 ਈ. ਤਕ ਅੰਗਰੇਜ਼ ਰਾਜ ਦੇ ਚਹੇਤੇ ਬਣੇ ਅਸੂਲ ਰਹਿਤ ਰਾਜਕੁਮਾਰ, ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਪਰਿਵਾਰ ਵੀ, ਸਿਰ ਗੁੰਮ ਬਣ ਸਲਾਮੀਆਂ ਲੈਂਦੇ ਰਹੇ ਹਨ, ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਦੇ ਵਾਰਿਸ ਮਹਾਰਾਜਾ ਦਲੀਪ ਸਿੰਘ ਨੂੰ ਮੁੜ ਸਿੱਖ ਧਰਮ ਵੱਲ ਮੁੜਨ ਲਈ ਆਖਣ ਵਾਲੀ ਮਾਂ ਮਹਾਰਾਣੀ ਜਿੰਦ ਕੌਰ ਤੋ ਬਾਅਦ ਕੋਈ ਉਸ ਦੇ ਪੋਤਰੇ ਪੋਤਰੀਆਂ ਨੂੰ ਸਿੱਖ ਧਰਮ ਵੱਲ ਲੈ ਕੇ ਆਉਣ ਵਾਲਾ ਨਹੀਂ ਸੀ ।

ਇਸ ਦੌਰ ਵਿਚ ਗ਼ੈਰਤਮੰਦ ਤੇ ਬਹਾਦਰ ਸਿੱਖਾਂ ਨੂੰ ਦੁਨੀਆ ਭਰ ਵਿਚ ਕੇਵਲ ਲੜਨ ਮਰਨ ਲਈ ਅੰਗਰੇਜ਼ ਨੇ ਵਰਤਿਆ, ਜਾਂ ਫੇਰ ਮਜ਼ਦੂਰੀ ਕਰਾਉਣ ਲਈ ਕੀਨੀਆ, ਫਿਜ਼ੀ, ਹਾਂਗਕਾਂਗ ਆਦਿ ਦੇਸ਼ਾਂ ਵੱਲ ਤੋਰ ਦਿੱਤਾ । ਨਾ ਧਰਮ ਦਾ ਅਸੂਲ ਰਹਿਣ ਦਿੱਤਾ ਤੇ ਨਾ ਸਿੱਖੀ ਦਾ ਪ੍ਰਚਾਰ ਕਰਨ ਦਿੱਤਾ ।

ਗੁਰੂਘਰਾਂ 'ਤੇ ਵੀ ਪ੍ਰਬੰਧਕਾਂ ਰਾਹੀ ਕਬਜ਼ਾ ਕਰ ਲਿਆ । ਕਦੇ ਕਿਸੇ ਸੋਚਿਆ ਹੈ ਕਿ ਅੰਗਰੇਜ਼ ਰਾਜ ਸਮੇਂ ,ਪੰਜਾਬ ਵਿਚ ਹੀ ਕਿਉਂ, ਮੁੜ ਆਪਣੇ ਬਜ਼ੁਰਗਾਂ ਦੇ ਧਰਮ ਵੱਲ ਮੁੜਨ ਦੀ ਮੁਹਿੰਮ ਚਲਾਈ ਗਈ ਸੀ ?

ਸਵਾਮੀ ਵਿਵੇਕਾ ਨੰਦ ਤੇ ਪੰਡਤ ਮਦਨ ਮੋਹਨ ਮਾਲਵੀਆ ਤਾਂ ਗੁਰੂ ਗੋਬਿੰਦ ਸਿੰਘ ਦੇ ਅਸੂਲਾਂ 'ਤੇ ਚੱਲਣ ਲਈ ਹਰ ਹਿੰਦੂ ਪਰਿਵਾਰ ਨੂੰ ਇਕ ਪੁੱਤਰ ਸਿੱਖ ਬਣਾਉਣ ਲਈ ਆਖ ਰਹੇ ਸਨ । ਕੁਝ ਪੰਜਾਬੀ ਨੌਜਵਾਨ ਤਾਂ ਫਰਾਂਸ ਤੇ ਰੂਸ ਦੀ ਕ੍ਰਾਂਤੀ ਤੋਂ ਪ੍ਰਭਾਵਿਤ ਸਿੱਖ ਸਰੂਪ ਵਿਚ ਹੋ ਕੇ ਵੀ ਸਿੱਖ ਧਰਮ ਦੇ ਅਸੂਲਾਂ ਤੋਂ ਬਾਗ਼ੀ ਹੋ ਗਏ ਸਨ ਤੇ ਅਜੇਹੇ ਅੱਜ ਵੀ ਬਹੁਤ ਤੁਰੇ ਫਿਰਦੇ ਹਨ ।

1885 ਈ ਵਿਚ ਓ ਹਊਮ ਨੇ ਕਾਂਗਰਸ ਪਾਰਟੀ ਅੰਗਰੇਜ਼ ਰਾਜ ਨੂੰ ਇਖ਼ਲਾਕੀ ਮਾਨਤਾ ਦੇਣ ਲਈ ਬਣਾਈ ਸੀ ਤਾਂ ਜੋ ਲੋਕ ਆਪਣੀਆਂ ਸਮੱਸਿਆਵਾਂ ਅੰਗਰੇਜ਼ ਅਫ਼ਸਰਾਂ ਕੋਲ ਲੈ ਕੇ ਜਾਣ ਅਤੇ ਇਹ ਚਰਚਾ ਹੋਵੇ ਕਿ ਅੰਗਰੇਜ਼ ਚੰਗੇ ਇਨਸਾਨ ਤੇ ਨਿਆਂਕਾਰੀ ਪ੍ਰਬੰਧਕ ਹਨ ਤੇ ਲੰਬੇ ਸਮੇਂ ਤੱਕ ਕਾਂਗਰਸ ਪਾਰਟੀ ਇਸ ਦਿਸ਼ਾ ਵੱਲ ਕੰਮ ਕਰਦੀ ਰਹੀ । 1920 ਤੋਂ 1925 ਈ. ਤੱਕ ਗੁਰਦਵਾਰਾ ਪ੍ਰਬੰਧ ਵਿਚ ਸੁਧਾਰ ਲਈ ਲੜਦੇ ਨਵੇਂ ਬਣੇ ਸਿੱਖ ਯੋਧੇ ਕਾਂਗਰਸ ਦੀ ਝੋਲੀ ਪੈ ਗਏ ਤੇ ਕਦੇ ਕਾਂਗਰਸ ਨਾਲ ਅਤੇ ਕਦੇ ਦੂਰ ਹੁੰਦੇ 1958-59 ਈ. ਤੱਕ ਆ ਗਏ । ਅੰਗਰੇਜ਼ ਪੱਖੀ ਅਮੀਰ ਤਾਂ ਆਜ਼ਾਦੀ ਤੋਂ ਤੁਰੰਤ ਬਾਅਦ ਹੀ ਕਾਂਗਰਸੀ ਬਣ ਗਏ ਸਨ । ਜਦੋਂ 1959 ਈ ਵਿਚ ਕਾਂਗਰਸ ਨੇ ਗੁਰਦਵਾਰਾ ਸਾਹਿਬ 'ਤੇ ਕਬਜ਼ਾ ਕਰਨ ਤੇ ਮਾਸਟਰ ਤਾਰਾ ਸਿੰਘ ਵਰਗੇ ਸਿਰੜੀ ਸਿੱਖ ਨੂੰ ਰਾਜਨੀਤੀ ਵਿਚੋਂ ਖ਼ਤਮ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਗੁਰਦਵਾਰਾ ਸਾਹਿਬਾਨ ਤੇ ਡੇਰੇਦਾਰ ਬਾਬਿਆਂ ਦਾ ਕਬਜ਼ਾ ਕਰਾਉਣਾ ਆਰੰਭ ਹੋਇਆ, ਜਿਸ ਨਾਲ ਅੱਜ ਗੁਰਦਵਾਰਾ ਦੁਬਾਰਾ 1920 ਦੀ ਮਹੰਤਾਂ ਤੇ ਸਰਬਰਾਹਾਂ ਵਾਲੀ ਸਥਿਤੀ ਵਿਚ ਪਹੁੰਚ ਚੁਕਾ ਹੈ ।

ਰਾਜਨੀਤਿਕ ਤੌਰ 'ਤੇ 1967 ਈ. ਵਿਚ ਅਕਾਲੀ ਦਲ ਪੰਜਾਬ ਦੀ ਵੰਡ ਤੋਂ ਬਾਅਦ ਪਹਿਲੀ ਵਾਰ ਕਾਂਗਰਸ ਵਿਰੋਧੀਆਂ ਦੇ ਨਾਲ ਜੁੜਿਆ ਤੇ ਸਰਕਾਰ ਬਣਾਈ , ਪਰ ਸਿੱਖ ਧਾਰਮਿਕ ਮਸਲੇ ਅਣਦੇਖੇ ਕਰਨ, ਗੁਰਦੁਆਰਾ ਪ੍ਰਬੰਧ ਵਿਚ ਭ੍ਰਿਸ਼ਟਾਚਾਰ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਸਿੱਖ ਨੌਜਵਾਨਾਂ ਨੂੰ ਮਰਵਾਉਣ ਤੇ ਕਤਲ ਕਰਨ ਵਾਲੇ ਅਫ਼ਸਰਾਂ ਦੇ ਨਾਲ ਖੜੇ ਹੋਣ ਕਾਰਨ ਹਾਸ਼ੀਏ 'ਤੇ ਜਾ ਚੁੱਕਾ ਹੈ ।

ਰਾਜਨੀਤੀ ਵਿਚ ਲੋਕਾਂ ਨੂੰ ਆਪਣੇ ਵੱਲ ਕਰਨ ਲਈ ਰਾਜਨੀਤਿਕ ਲਾਮਬੰਦੀ ਤੇ ਸਰਕਾਰ ਦਾ ਵਿਰੋਧ ਕਰਨਾ ਅਤੇ ਮੋਰਚੇ ਲਾਉਣੇ ਆਂ ਅੰਦੋਲਨ ਕਰਨੇ ਮਜਬੂਰੀ ਹੁੰਦੀ ਹੈ, ਜਿਸ ਕਾਰਨ ਹੀ ਪੰਜਾਬ ਵਿਚ ਹਮੇਸ਼ਾ ਸ਼ਾਂਤੀ ਪੂਰਵਕ ਮੋਰਚੇ ਲੱਗਦੇ ਰਹੇ ਹਨ । ਪਰ ਕਾਂਗਰਸ ਸਰਕਾਰ ਨੇ ਇਸ ਨੂੰ ਦਿਸ਼ਾ ਬਦਲ ਕੇ, ਹਿੰਸਾ ਵੱਲ ਤੋਰਨ ਦਾ ਕੰਮ ਕੀਤਾ, ਜਿਸ ਦੀ ਗਵਾਹੀ ਸਰਦਾਰ ਜੀ ਬੀ ਐਸ ਸਿਧੂ, ਸ਼੍ਰੀ ਐਮ . ਕੇ ਧਰ ਆਦਿ ਦੀਆਂ ਲਿਖਤਾਂ ਵੀ ਭਰ ਦੀਆਂ ਹਨ । ਬਲਦੀ 'ਤੇ ਤੇਲ ਪਾਕਿਸਤਾਨ ਨੇ ਆਪਣੀ ਖ਼ੁਫ਼ੀਆ ਏਜੰਸੀ ਰਾਹੀ ਪਾ ਦਿੱਤਾ, ਇਸ ਮੱਕੜ-ਜਾਲ ਵਿਚ ਫਸੇ ਸਿੱਖਾਂ ਨੂੰ ਨਿਕਲਣ ਦਾ ਰਸਤਾ ਚਾਹੀਦਾ ਹੈ । 1970-71 ਈ ਵਿਚ ਬਣੀ ਅਕਾਲੀ ਸਰਕਾਰ ਨੇ ਚੁਲਾ ਟੈਕਸ, ਜ਼ਮੀਨ ਦਾ ਮਾਮਲਾ ਮੁਆਫ਼ ਕਰਨ ਆਦਿ ਦੇ ਹੁਕਮਾਂ ਨਾਲ ਮੁਫ਼ਤ ਦੀਆਂ ਰਿਉੜੀਆਂ ਵੰਡਣ ਦੀ ਪਿਰਤ ਪਾਈ ਤੇ ਗ਼ੈਰਤ ਅਣਖ ਨਾਲ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹ ਪਛਾਣਹਿ ਸੇਇ॥" ਵਾਲੇ ਹੱਥ ਵਿਚ ਠੂਠਾ ਫੜ ਲਾਇਨਾਂ ਵਿਚ ਖੜੇ ਨਜ਼ਰ ਆਉਣ ਲੱਗ ਪਏ । ਪਹਿਲਾਂ ਪੰਜਾਬ ਦਾ ਨਾ ਕੋਈ ਗ਼ਰੀਬ ਭੁੱਖਾ ਮਰਦਾ ਸੀ, ਨਾ ਕਿਸੇ ਦੀ ਧੀ ਵਿਆਹੁਣ ਤੋਂ ਰਹਿੰਦੀ, ਨਾ ਹੀ ਕੋਈ ਬਚਾ ਪੜਾਈ ਤੋਂ ਵਾਂਝਾ ਰਹਿੰਦਾ ਸੀ । ਇਹ ਰਿਉੜੀਆਂ ਵੰਡਣ ਦੇ ਕੰਮ ਨੇ ਪੰਜਾਬ ਨੂੰ ਆਰਥਿਕ ਤੌਰ ਤੇ ਕੰਗਾਲ ਬਣਾ ਲੋਕਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾ ਦਿੱਤਾ ।

**- ਇਕਬਾਲ ਸਿੰਘ ਲਾਲਪੁਰਾ**

